HM Government

# ਸਕੌਟਲੈਂਡ ਯੂਕੇ ਵਿੱਚ



ਅਪ੍ਰੈਲ 2014

## ਵਿਸ਼ਾ-ਵਸਤੂ


ਤੱਥਾਂ ਨੂੰ ਜਾਣੋ 1

ਅੱਜ ਸਕੌਟਲੈਂਡ ਯੂਕੇ ਵਿੱਚ: ਦੋਵਾਂ ਦੁਨੀਆਂ ਦਾ ਬਿਹਤਰੀਨ 3

ਸਾਡੀ ਆਰਥਿਕ ਤਾਕਤ ਅਤੇ ਸੁਰੱਖਿਆ 6
- ਯੂਕੇ ਦਾ ਪੌਂਡ 7
- ਇੱਕ ਇਕਹਿਰੀ ਮਾਰਕੀਟ 7
- ਵਿੱਤੀ ਸੇਵਾਵਾਂ 9

ਸਾਡਾ ਸਾਂਝਾ ਯੂਨਾਇਟੇਡ ਕਿੰਗਡਮ 12

ਦੁਨੀਆਂ ਵਿੱਚ ਸਾਡਾ ਸਥਾਨ 16

ਸਿੱਟਾ 19

# ਤੱਥਾਂ ਨੂੰ ਜਾਣੋ

18 ਸਤੰਬਰ 2014 ਨੂੰ, ਸਕੌਟਲੈਂਡ ਦੇ ਲੋਕ ਸਾਡੀ ਪੂਰੀ ਜ਼ਿੰਦਗੀ ਦੇ ਸਭ ਤੋਂ ਮਹੱਤਵਪੂਰਨ ਫੈਸਲਿਆਂ ਵਿੱਚੋਂ ਇੱਕ ਲੈਣਗੇ - ਯੂਨਾਇਟੇਡ ਕਿੰਗਡਮ ਵਿੱਚ ਰਹਿਣਾ ਜਾਂ ਉਸ ਨੂੰ ਛੱਡ ਕੇ ਇੱਕ ਵੱਖਰਾ ਅਜ਼ਾਦ ਰਾਸ਼ਟਰ ਬਣਨਾ।

ਸਕੌਟਲੈਂਡ ਦੇ ਸੈਕ੍ਰੇਟਰੀ ਆਫ ਸਟੇਟ ਹੋਣ ਦੇ ਨਾਤੇ, ਹਾਲ ਦੇ ਕੁਝ ਮਹੀਨਿਆਂ ਵਿੱਚ ਮੈਂ ਸਾਡੇ ਦੇਸ਼ ਦੇ ਚਾਰੋ ਪਾਸੇ ਗਿਆ ਅਤੇ ਵਿਅਕਤੀਆਂ, ਭਾਈਚਾਰਿਆਂ ਅਤੇ ਵੱਖ-ਵੱਖ ਤਰ੍ਹਾਂ ਦੇ ਸੰਗਠਨਾਂ ਨਾਲ ਇਸ ਲੋਕਮੱਤ ਬਾਰੇ ਚਰਚਾ ਕਰਦਾ ਰਿਹਾ ਹਾਂ। ਪੂਰੇ ਸਕੌਟਲੈਂਡ ਵਿੱਚ ਲੋਕਾਂ ਨੇ ਮੇਰੇ ਤੋਂ ਅਜਿਹੀ ਸਪੱਸ਼ਟ, ਸਰਲ ਜਾਣਕਾਰੀ ਮੰਗੀ ਹੈ ਜੋ ਵਿਅਕਤੀਆਂ, ਉਹਨਾਂ ਸੰਗਠਨਾਂ ਜਿਨ੍ਹਾਂ ਲਈ ਉਹ ਕੰਮ ਕਰਦੇ ਹਨ ਅਤੇ ਉਹਨਾਂ ਦੀ ਸੇਵਾਵਾਂ ਨੂੰ ਵਰਤਣ ਵਾਲੇ ਲੋਕਾਂ ਦੀ ਇਹ ਸਮਝਣ ਵਿੱਚ ਸਹਾਇਤਾ ਕਰ ਸਕੇ ਕਿ ਯੂਕੇ ਵਿੱਚ ਰਹਿਣ ਨਾਲ ਸਕੌਟਲੈਂਡ ਨੂੰ ਕਿਹੜੇ ਫਾਇਦੇ ਹੋਣਗੇ ਅਤੇ ਛੱਡ ਕੇ ਚਲੇ ਜਾਣ ਦੇ ਕੀ ਨਤੀਜੇ ਹੋਣਗੇ।

ਯੂਕੇ ਦੀ ਸਰਕਾਰ ਨੇ ਵਿਸ਼ਲੇਸ਼ਣ ਦਾ ਇੱਕ ਵੱਡਾ ਪ੍ਰੋਗਰਾਮ ਸ਼ੁਰੂ ਕੀਤਾ ਹੈ ਜੋ ਸਕੌਟਲੈਂਡ ਦੁਆਰਾ ਯੂਕੇ ਦਾ ਹਿੱਸਾ ਬਣੇ ਰਹਿਣ ਦੇ ਲਾਭਾਂ ਨੂੰ ਸਮਝਾਉਂਦਾ ਹੈ ਅਤੇ ਅਜ਼ਾਦੀ ਦੇ ਨਤੀਜਿਆਂ ਦੀ ਜਾਂਚ ਕਰਦਾ ਹੈ। ਇਸ ਛੋਟੀ ਪੁਸਤਿਕਾ ਵਿੱਚ ਹੁਣ ਤਕ ਦੇ ਮੁੱਖ ਸਿੱਟੇ ਦਿੱਤੇ ਗਏ ਹਨ। ਵਿਸਤਾਰ ਵਿੱਚ ਵਿਸ਼ਲੇਸ਼ਣ - ਅਤੇ ਹੋਰ ਬਹੁਤ ਸਾਰੀ ਜਾਣਕਾਰੀ - ਔਨਲਾਈਨ ਇਸ ਪਤੇ 'ਤੇ ਮਿਲ ਸਕਦੀ ਹੈ: **www.gov.uk/scottishreferendum**.

ਯੂਕੇ ਦੀ ਸਰਕਾਰ ਚਾਹੁੰਦੀ ਹੈ ਕਿ ਸਕੌਟਲੈਂਡ ਵਿੱਚ ਹਰ ਕਿਸੇ ਨੂੰ ਲੋਕਮੱਤ ਤੋਂ ਪਹਿਲਾਂ ਪੂਰੀ ਜਾਣਕਾਰੀ ਹੋਵੇ। ਇਸ ਲਈ ਮੈਂ ਸੰਗਠਨਾਂ ਨੂੰ ਉਤਸ਼ਾਹਿਤ ਕਰਾਂਗਾ ਕਿ ਉਹ ਇਸ ਜਾਣਕਾਰੀ ਨੂੰ ਉਪਲਬਧ ਕਰਵਾਉਣ ਜਿਸ ਨਾਲ ਯਕੀਨੀ ਬਣਾਇਆ ਜਾ ਸਕੇ ਕਿ ਹਰ ਕੋਈ ਸਕੌਟਲੈਂਡ ਦੇ ਯੂਨਾਇਟੇਡ ਕਿੰਗਡਮ ਵਿੱਚ ਰਹਿਣ ਦੇ ਸਕਾਰਾਤਮਕ ਪੱਖ ਨੂੰ ਸਮਝ ਸਕੇ।



**ਐਲਿਸਟੇਰ ਕਾਰਮਾਈਕਲ**
**(Alistair Carmichael) MP**
**ਸਕੌਟਲੈਂਡ ਲਈ ਸੈਕ੍ਰੇਟਰੀ ਆਫ ਸਟੇਟ**

ਤੁਸੀਂ ਔਨਲਾਈਨ @YouDecide2014, www.gov.uk/scottishreferendum ਅਤੇ facebook.com/youdecide2014 'ਤੇ ਜਾ ਕੇ ਸ਼ਾਇਦ ਇਸ ਬਹਿਸ ਵਿੱਚ ਸ਼ਾਮਲ ਹੋਣਾ ਚਾਹੋ।

# ਅੱਜ ਸਕੌਟਲੈਂਡ ਯੂਕੇ ਵਿੱਚ: ਦੋਵਾਂ ਦੁਨੀਆਂ ਦਾ ਬਿਹਤਰੀਨ

ਯੂਕੇ ਦਾ ਹਿੱਸਾ ਬਣਨ ਨਾਲ ਸਕੌਟਲੈਂਡ ਨੂੰ ਦੋਵਾਂ ਦੁਨੀਆਂ ਦਾ ਬਿਹਤਰੀਨ ਮਿਲਦਾ ਹੈ।


ਹੌਲੀਰੁਡ ਵਿਖੇ ਸਾਡੇ ਕੋਲ ਇੱਕ ਸ਼ਕਤੀਸ਼ਾਲੀ ਸਕੌਟਿਸ਼ ਪਾਰਲਿਆਮੈਂਟ ਹੈ ਜੋ £27 ਬਿਲਿਅਨ ਤੋਂ ਵੱਧ ਦੇ ਖਰਚ - ਸਕੌਟਲੈਂਡ ਦੇ ਸਾਰੇ ਜਨਤਕ ਖਰਚ ਦਾ ਲਗਭਗ 60% - ਨੂੰ ਨਿਯੰਤ੍ਰਿਤ ਕਰਦੀ ਹੈ। ਸਕੌਟਿਸ਼ ਪਾਰਲਿਆਮੈਂਟ ਦੇ ਕੋਲ ਇਹ ਅਧਿਕਾਰ ਹੈ ਕਿ ਉਹ ਬਾਲ ਦੇਖਭਾਲ; ਸਿੱਖਿਆ; ਸਿਖਲਾਈ ਅਤੇ ਹੁਨਰ; ਉਦਯੋਗ; ਸਿਹਤ ਅਤੇ ਸਮਾਜਕ ਦੇਖਭਾਲ; ਨਿਆਂ ਅਤੇ ਪੁਲਿਸ ਦਾ ਕੰਮ; ਰਿਹਾਇਸ਼; ਵਾਤਾਵਰਨ; ਖੇਤੀਬਾੜੀ ਉਦਯੋਗ; ਮੱਛੀ ਪਾਲਨ ਅਤੇ ਪੇਂਡੂ ਮਾਮਲੇ; ਅਤੇ ਕਲਾ, ਸੱਭਿਆਚਾਰ ਅਤੇ ਖੇਡਾਂ ਵਰਗੇ ਵਿਸ਼ਿਆਂ ਨਾਲ ਜੁੜੀਆਂ ਸਕੌਟਿਸ਼ ਲੋੜਾਂ ਅਤੇ ਇੱਛਾਵਾਂ ਨੂੰ ਪੂਰਾ ਕਰਨ ਲਈ ਕਨੂੰਨ ਬਣਾ ਸਕੇ ਅਤੇ ਉਸਨੂੰ ਬਦਲ ਸਕੇ।

ਨਾਲ ਹੀ, ਸਾਨੂੰ ਯੂਕੇ ਦਾ ਹਿੱਸਾ ਬਣਨ ਤੋਂ ਲਾਭ ਵੀ ਮਿਲਦਾ ਹੈ; ਯੂਕੇ ਦੇ ਸਾਰੇ ਲੋਕਾਂ ਵੱਲੋਂ ਕੰਮ ਕਰਦੇ ਹੋਏ ਯੂਕੇ ਦੀ ਪਾਰਲਿਆਮੈਂਟ ਅਰਥ-ਵਿਵਸਥਾ, ਰੱਖਿਆ, ਰਾਸ਼ਟਰੀ ਸੁਰੱਖਿਆ ਅਤੇ ਅੰਤਰਰਾਸ਼ਟਰੀ ਮਾਮਲਿਆਂ ਬਾਰੇ ਫੈਸਲੇ ਲੈਂਦੀ ਹੈ। ਸਾਨੂੰ, ਇੱਕ ਵਿਸ਼ਾਲ, ਵਧੇਰੇ ਵਿਵਿਧ ਅਤੇ ਸਥਾਈ ਅਰਥ-ਵਿਵਸਥਾ ਦਾ ਹਿੱਸਾ ਹੋਣ ਦਾ ਲਾਭ ਮਿਲਦਾ ਹੈ ਜਿਸਦੇ ਕਾਰਨ ਅਸੀਂ ਚੰਗੇ ਸਮੇਂ ਦੌਰਾਨ ਲਾਭਾਂ ਨੂੰ ਵੰਡ ਸਕਦੇ ਹਾਂ ਅਤੇ ਬੁਰੇ ਸਮੇਂ ਵਿੱਚ ਜੋਖਮਾਂ ਨੂੰ ਮਿਲ ਕੇ ਸਹਿ ਸਕਦੇ ਹਾਂ।

ਅਤੇ ਸਾਡੀ ਸਪੁਰਦਗੀ ਦੀ ਸੈਟਲਮੈਂਟ ਲਚਕਦਾਰ ਹੈ। ਸਕੌਟਲੈਂਡ ਐਕਟ 2012 ਨੇ ਸਕੌਟਿਸ਼ ਪਾਰਲਿਆਮੈਂਟ ਦੀਆਂ ਸ਼ਕਤੀਆਂ ਦਾ ਵਿਸਤਾਰ ਕੀਤਾ ਜਿਸ ਵਿੱਚ 300 ਸਾਲਾਂ ਵਿੱਚ ਵੇਸਟਮਿਨਸਟਰ ਤੋਂ ਟੈਕਸ ਸ਼ਕਤੀਆਂ ਦੀ ਸਭ ਤੋਂ ਵੱਡੀ ਸਪੁਰਦਗੀ ਸ਼ਾਮਲ ਸੀ।

ਅਪ੍ਰੈਲ 2016 ਤੋਂ, ਅਗਲੇਰੀ ਸਪੁਰਦਗੀ ਸਕੌਟਿਸ਼ ਪਾਰਲਿਆਮੈਂਟ ਨੂੰ ਟੈਕਸ ਸੰਬੰਧੀ ਵਧੇਰੇ ਸ਼ਕਤੀਆਂ ਦੇਵੇਗੀ, ਇਸ ਤਰ੍ਹਾਂ ਉਹ ਇਸ ਦੁਆਰਾ ਸਕੌਟਲੈਂਡ ਵਿੱਚ ਖਰਚ ਕੀਤੇ ਜਾਣ ਵਾਲੇ ਇੱਕ ਤਿਹਾਈ ਪੈਸੇ ਨੂੰ ਇਕੱਠਾ ਕਰਨ ਲਈ ਜ਼ਿੰਮੇਵਾਰ ਹੋਵੇਗੀ। ਇਹਨਾਂ ਸ਼ਕਤੀਆਂ ਵਿੱਚ ਇਨਕਮ ਟੈਕਸ ਦੀ ਇੱਕ ਨਵੀਂ ਸਕੌਟਿਸ਼ ਦਰ ਸ਼ਾਮਲ ਹੈ ਜੋ ਸਕੌਟਿਸ਼ ਸਰਕਾਰ ਨੂੰ ਸਕੌਟਲੈਂਡ ਦੇ ਲੋਕਾਂ ਦੁਆਰਾ ਅਦਾ ਕੀਤੇ ਜਾਣ ਵਾਲੇ ਟੈਕਸ ਦੀ ਦਰ ਨੂੰ ਨਿਸ਼ਚਿਤ ਕਰਨ ਦੀ ਇਜਾਜ਼ਤ ਦੇਵੇਗੀ। ਯੂਕੇ ਦੀ ਸਰਕਾਰ ਨੇ ਅਜਿਹੀਆਂ ਸ਼ਕਤੀਆਂ

## ਸੁਰੱਖਿਅਤ ਰੱਖੀਆਂ ਗਈਆਂ ਅਤੇ ਸਪੁਰਦ ਕੀਤੀਆਂ ਗਈਆਂ ਮੁੱਖ ਸ਼ਕਤੀਆਂ



ਦੀ ਵੀ ਘੋਸ਼ਣਾ ਕੀਤੀ ਹੈ ਜੋ ਸਕੌਟਿਸ਼ ਸਰਕਾਰ ਨੂੰ ਆਪਣੇ ਬਾਂਡ ਜਾਰੀ ਕਰਨ ਅਤੇ ਵੱਡੇ ਆਵਾਜਾਈ ਪ੍ਰੋਜੈਕਟਾਂ, ਹਸਪਤਾਲਾਂ, ਸਕੂਲਾਂ ਅਤੇ ਹੜ੍ਹ ਤੋਂ ਰੱਖਿਆ ਵਰਗੇ ਪੂੰਜੀ ਨਿਵੇਸ਼ ਲਈ ਕਰਜ਼ਾ ਲੈਣ ਦੇ ਸਮਰੱਥ ਬਣਾਉਣਗੀਆਂ।

ਯੂਕੇ ਚਾਰ ਸੰਯੁਕਤ ਰਾਸ਼ਟਰਾਂ ਤੋਂ ਬਣਿਆ ਹੈ ਜਿਨ੍ਹਾਂ ਵਿਚਕਾਰ ਕੋਈ ਸਰਹੱਦ ਨਹੀਂ ਹੈ। ਇਕੱਠੇ ਮਿਲ ਕੇ ਅਸੀਂ NHS ਅਤੇ BBC ਦੀ ਸਿਰਜਣਾ ਕੀਤੀ ਹੈ, ਵਿਸ਼ਵ-ਯੁੱਧਾਂ ਵਿੱਚ ਅਜ਼ਾਦੀ ਲਈ ਲੜਾਈ ਲੜੀ ਹੈ, ਓਲੰਮਪਿਕ ਸਫਲਤਾ ਦਾ ਜਸ਼ਨ ਮਨਾਇਆ ਹੈ ਅਤੇ ਦੁਨੀਆਂ ਦੀ ਸਭ ਤੋਂ ਵਧੀਆ ਅਤੇ ਸਭ ਤੋਂ ਸਥਾਈ ਸੰਯੁਕਤ ਰਾਸ਼ਟਰ ਦਾ ਨਿਰਮਾਣ ਕਿਤਾ ਹੈ। ਅਜ਼ਾਦੀ ਦਾ ਮਤਲਬ ਹੋਵੇਗਾ ਸਕੌਟਲੈਂਡ ਯੂਕੇ ਨੂੰ ਛੱਡ ਕੇ ਇੱਕ ਨਵਾਂ ਰਾਸ਼ਟਰ ਬਣ ਜਾਵੇਗਾ। ਬਾਕੀ ਦਾ ਯੂਕੇ ਸੰਯੁਕਤ ਰਹੇਗਾ। ਯੂਕੇ ਦਾ ਕਨੂੰਨ ਅਤੇ ਸੰਸਥਾਵਾਂ - ਜਿਵੇਂ ਕਿ ਬੈਂਕ ਆਫ ਇੰਗਲੈਂਡ - ਬਾਕੀ ਬਚੇ ਯੂਕੇ ਵਿੱਚ ਆਪਣਾ ਕੰਮ ਜਾਰੀ ਰੱਖਣਗੇ ਅਤੇ ਬਾਕੀ ਬਚਿਆ ਯੂਕੇ EU (ਯੂਰੋਪੀਅਨ ਯੂਨੀਅਨ), UN (ਯੂਨਾਇਟੇਡ ਨੇਸ਼ਨਜ), NATO (ਉੱਤਰੀ ਅਟਲਾਂਟਿਕ ਸੰਧੀ ਸੰਗਠਨ), ਅਤੇ G7 ਵਰਗੇ ਸੰਗਠਨਾਂ ਵਿੱਚ ਆਪਣੀ ਮੈਂਬਰਸ਼ਿਪ ਨੂੰ ਬਰਕਰਾਰ ਰੱਖੇਗਾ।

ਇੱਕ ਅਜ਼ਾਦ ਸਕੌਟਲੈਂਡ ਨੂੰ ਉਹਨਾਂ ਸਾਰੇ ਅੰਤਰਰਾਸ਼ਟਰੀ ਸੰਗਠਨਾਂ ਦੇ ਕੋਲ ਦਰਖਾਸਤ ਦੇਣ ਦੀ ਲੋੜ ਹੋਵੇਗੀ ਜਿਸ ਵਿੱਚ ਉਹ ਸ਼ਾਮਲ ਹੋਣਾ ਚਾਹੁੰਦਾ ਹੈ ਅਤੇ ਉਸਨੂੰ ਆਪਣੀਆਂ ਘਰੇਲੂ ਸੰਸਥਾਵਾਂ ਸਥਾਪਿਤ ਕਰਨੀਆਂ ਪੈਣਗੀਆਂ। 200 ਤੋਂ ਵੱਧ ਯੂਕੇ ਦੀਆਂ ਜਨਤਕ ਸੰਸਥਾਵਾਂ ਹਨ ਜੋ ਇਸ ਵੇਲੇ ਸਕੌਟਲੈਂਡ ਵਿੱਚ ਕੰਮ ਕਰਦੀਆਂ ਹਨ - ਅਜ਼ਾਦ ਸਕੌਟਲੈਂਡ ਦੀ ਸਰਕਾਰ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਇਹਨਾਂ ਵਿੱਚੋਂ ਕਿੰਨੀਆਂ ਨੂੰ ਦੁਹਰਾਏ ਜਾਣ ਦੀ ਲੋੜ ਹੋਵੇਗੀ। ਇਹਨਾਂ ਸੰਸਥਾਵਾਂ ਨੂੰ ਬਣਾਉਣ ਅਤੇ ਚਲਾਉਣ ਲਈ ਪੈਸਾ ਸਕੌਟਲੈਂਡ ਦੇ ਟੈਕਸ ਦੇਣ ਵਾਲਿਆਂ (ਟੈਕਸਪਿਅਰ) ਤੋਂ ਆਵੇਗਾ।



# ਸਾਡੀ ਆਰਥਿਕ ਤਾਕਤ ਅਤੇ ਸੁਰੱਖਿਆ

ਯੂਕੇ ਦੇ ਹਿੱਸੇ ਵਜੋਂ, ਸਕੌਟਲੈਂਡ ਦੀ ਅਰਥ-ਵਿਵਸਥਾ ਨੇ ਮਜ਼ਬੂਤ ਪ੍ਰਦਰਸ਼ਨ ਕੀਤਾ ਹੈ। ਪਿਛਲੇ 50 ਸਾਲਾਂ ਦੌਰਾਨ, ਸਕੌਟਲੈਂਡ ਵਿੱਚ ਪ੍ਰਤੀ ਵਿਅਕਤੀ ਵਿੱਤੀ ਆਉਟਪੁਟ ਵਿੱਚ ਵਾਧਾ ਯੂਕੇ ਦੀ ਔਸਤ ਦੀ ਤੁਲਨਾ ਵਿੱਚ ਥੋੜ੍ਹਾ ਜ਼ਿਆਦਾ ਮਜ਼ਬੂਤ ਰਿਹਾ ਹੈ। ਇਹ ਦਿਖਾਉਂਦਾ ਹੈ ਕਿ ਯੂਕੇ ਦਾ ਹਿੱਸਾ ਹੋਣ 'ਤੇ ਸਕੌਟਲੈਂਡ ਚੰਗਾ ਪ੍ਰਦਰਸ਼ਨ ਕਰਦਾ ਹੈ ਅਤੇ ਦੂਜੇ ਛੋਟੇ ਅਜ਼ਾਦ ਦੇਸ਼ਾਂ ਨਾਲੋਂ ਬਿਹਤਰ ਪ੍ਰਦਰਸ਼ਨ ਕਰਦਾ ਹੈ। 2000 ਤੋਂ 2012 ਤਕ, ਪ੍ਰਤੀ ਵਿਅਕਤੀ ਲਈ ਸਕੌਟਿਸ਼ ਤਰੱਕੀ ਡੇਨਮਾਰਕ, ਫਿਨਲੈਂਡ, ਆਇਰਲੈਂਡ, ਲਕਸੱਮਬਰਗ ਅਤੇ ਪੁਰਤਗਾਲ ਨਾਲੋਂ ਵੱਧ ਸੀ।

ਯੂਕੇ ਦੇ ਅੰਦਰ, ਅਸੀਂ ਸਕੌਟਲੈਂਡ, ਇੰਗਲੈਂਡ, ਵੇਲਜ ਅਤੇ ਉੱਤਰੀ ਆਇਰਲੈਂਡ ਵਿੱਚ ਸੰਸਾਧਨਾਂ ਨੂੰ ਵੰਡਦੇ ਹਾਂ ਅਤੇ ਜੋਖਮਾਂ ਦਾ ਇਕੱਠੇ ਸਾਹਮਣਾ ਕਰਦੇ ਹਾਂ। ਯੂਕੇ ਦੀ ਅਰਥ-ਵਿਵਸਥਾ ਦੇ ਆਕਾਰ ਅਤੇ ਵਿਵਿਧਤਾ ਨੇ ਸਾਲ 2008 ਦੇ ਬੈਂਕਿੰਗ ਸੰਕਟ ਵਰਗੇ ਵਿੱਤੀ ਝਟਕਿਆਂ ਤੋਂ ਸਾਡੀ ਰੱਖਿਆ ਕੀਤੀ ਹੈ। 2008 ਵਿੱਚ ਰੋਇਲ ਬੈਂਕ ਆਫ ਸਕੌਟਲੈਂਡ (RBS) ਨੂੰ ਮੁੜ ਪੂੰਜੀ ਦੇਣ ਲਈ ਯੂਕੇ ਦੀ ਸਰਕਾਰ ਨੇ £45 ਬਿਲਿਅਨ ਖਰਚ ਕੀਤੇ, ਅਤੇ ਬੈਂਕ ਨੂੰ ਰਾਸ਼ਟਰੀ ਗਾਰੰਟੀ ਅਤੇ ਕਰਜ਼ਿਆਂ ਦੇ ਰੂਪ ਵਿੱਚ £275 ਬਿਲਿਅਨ ਵੀ ਮਿਲੇ। ਕੁੱਲ ਮਿਲਾ ਕੇ ਇਹ ਸਹਾਇਤਾ ਉਸ ਸਾਲ ਵਿੱਚ, ਉੱਤਰੀ ਸਮੁੰਦਰ (ਨੋਰਥ ਸੀ) ਦੇ ਤੇਲ ਸਮੇਤ, ਪੂਰੀ ਸਕੌਟਿਸ਼ ਅਰਥ-ਵਿਵਸਥਾ ਤੋਂ ਦੁਗਣੀ ਹੁੰਦੀ।

## ਪ੍ਰਤੀ ਵਿਅਕਤੀ GVA (ਗ੍ਰੋਥ ਵੈਲਊ ਏਡਡ) ਵਿੱਚ ਵਾਧੇ ਦੀ ਦਰ

| | |
|---|---|
| ਸਵੀਡਨ | 1.6% |
| ਸਕੌਟਲੈਂਡ | 1.2% |
| ਆਸਟ੍ਰੀਆ | 1.2% |
| ਫਿਨਲੈਂਡ | 1.1% |
| ਆਇਰਲੈਂਡ | 0.8% |
| ਲਕਸੱਮਬਰਗ | 0.8% |
| ਪੁਰਤਗਾਲ | 0.2% |
| ਡੈਨਮਾਰਕ | 0.1% |

## ਯੂਕੇ ਦਾ ਪੌਂਡ

ਯੂਕੇ, ਇਤਿਹਾਸ ਵਿੱਚ ਸਭ ਤੋਂ ਸਫਲ ਵਿੱਤੀ, ਆਰਥਿਕ ਅਤੇ ਰਾਜਨੀਤਿਕ ਸੰਘਾਂ ਵਿੱਚੋਂ ਇੱਕ ਹੈ, ਅਤੇ ਵਰਤਮਾਨ ਪ੍ਰਬੰਧ ਤੋਂ ਸਕੌਟਲੈਂਡ ਨੂੰ ਮਹੱਤਵਪੂਰਨ ਲਾਭ ਮਿਲਦੇ ਹਨ। ਯੂਕੇ ਦੇ ਸਾਰੇ ਹਿੱਸਿਆਂ ਨੂੰ ਫਾਇਦਾ ਪਹੁੰਚਾਉਣ ਲਈ ਪੂਰੇ ਯੂਕੇ ਵਿੱਚ ਟੈਕਸ, ਖਰਚ, ਵਿੱਤੀ ਨੀਤੀ ਅਤੇ ਆਰਥਿਕ ਸਥਿਰਤਾ ਦੀ ਨੀਤੀ ਦਾ ਤਾਲਮੇਲ ਕੀਤਾ ਜਾਂਦਾ ਹੈ। ਜੋਖਮਾਂ ਦਾ ਮਿਲ ਕੇ ਸਾਹਮਣਾ ਕੀਤਾ ਜਾਂਦਾ ਹੈ ਅਤੇ ਅਨਿਸ਼ਚਿਤਤਾ ਦੇ ਵਿਰੁੱਧ ਯੂਕੇ ਦੇ ਕੋਲ ਸਾਂਝਾ ਬੀਮਾ ਹੈ।


ਜੇ ਸਕੌਟਲੈਂਡ ਦੇ ਲੋਕ ਯੂਕੇ ਨੂੰ ਛੱਡਣ ਦੇ ਹੱਕ ਵਿੱਚ ਵੋਟ ਪਾਉਂਦੇ ਹਨ, ਤਾਂ ਅਸੀਂ ਯੂਕੇ ਦੇ ਪੌਂਡ ਨੂੰ ਛੱਡਣ ਲਈ ਵੀ ਵੋਟ ਪਾ ਰਹੇ ਹੋਵਾਂਗੇ। ਸਾਨੂੰ ਜੋ ਚੋਣ ਕਰਨ ਨੂੰ ਕਿਹਾ ਜਾ ਰਿਹਾ ਹੈ, ਉਸਦਾ ਇੱਕ ਹਿੱਸਾ ਇਹ ਵੀ ਹੈ।

ਸਕੌਟਿਸ਼ ਸਰਕਾਰ ਨੇ ਬਾਕੀ ਬਚੇ ਯੂਕੇ ਦੇ ਨਾਲ ਇੱਕ ਕਰੰਸੀ ਸੰਘ ਦਾ ਪ੍ਰਸਤਾਵ ਦਿੱਤਾ ਹੈ। ਯੂਕੇ ਦੇ ਸਾਰੇ ਤਿੰਨ ਮੁੱਖ ਰਾਜਨੀਤਿਕ ਦਲਾਂ ਨੇ ਕਰੰਸੀ ਸੰਘ ਨੂੰ ਨਕਾਰ ਦਿੱਤਾ ਹੈ ਕਿਉਂਕਿ ਇਹ ਬਾਕੀ ਬਚੇ ਯੂਕੇ ਜਾਂ ਇੱਕ ਅਜ਼ਾਦ ਸਕੌਟਲੈਂਡ ਦੇ ਹਿੱਤ ਵਿੱਚ ਨਹੀਂ ਹੋਵੇਗਾ। ਇੱਕ ਅਜ਼ਾਦ ਸਕੌਟਲੈਂਡ ਲਈ, ਕਰੰਸੀ ਸੰਘ ਵਿੱਤੀ ਚੁਣੌਤੀਆਂ ਦੇ ਅਨੁਸਾਰ ਵਿਵਸਥਿਤ ਹੋਣਾ ਵਧੇਰੇ ਮੁਸ਼ਕਲ ਬਣਾ ਦੇਵੇਗਾ, ਜਿਵੇਂ ਕਿ ਅਸੀਂ ਯੂਰੋ ਕਰੰਸੀ ਸੰਘ ਵਿੱਚ ਯੂਰਪੀ ਦੇਸ਼ਾਂ ਦੇ ਨਾਲ ਹੁੰਦਾ ਹੋਇਆ ਦੇਖਿਆ ਹੈ। ਬਾਕੀ ਬਚੇ ਯੂਕੇ ਲਈ, ਇਸਦਾ ਮਤਲਬ ਹੋਵੇਗਾ ਜ਼ਿਆਦਾ ਵੱਡੇ ਜੋਖਮ ਹੇਠਾਂ ਰਹਿਣਾ, ਜਿਸ ਵਿੱਚ ਇਹ ਸੰਭਾਵਨਾ ਹੋਵੇਗੀ ਕਿ ਕਿਸੇ ਆਰਥਿਕ ਜਾਂ ਵਿੱਤੀ ਸੰਕਟ ਸਥਿਤੀ ਵਿੱਚ ਯੂਕੇ ਦੇ ਕਰਦਾਤਾਵਾਂ ਨੂੰ ਸਕੌਟਲੈਂਡ ਨੂੰ ਉਸ ਸਥਿਤੀ ਤੋਂ ਕੱਢਣ ਲਈ ਸਹਾਇਤਾ ਮੁਹੱਈਆ ਕਰਨ ਲਈ ਕਿਹਾ ਜਾਵੇਗਾ।

## ਇੱਕ ਇਕਹਿਰੀ ਮਾਰਕੀਟ

ਇੱਕ ਕਰੰਸੀ ਅਤੇ ਨਿਯਮਾਂ ਦੇ ਇੱਕ ਸਮੂਹ ਦੇ ਨਾਲ, ਯੂਕੇ ਦਾ ਵੱਡਾ ਘਰੇਲੂ ਬਜ਼ਾਰ ਕਾਰੋਬਾਰਾਂ ਨੂੰ ਪੂਰੇ ਯੂਕੇ ਵਿੱਚ ਅਜ਼ਾਦ ਰੂਪ ਵਿੱਚ ਵਪਾਰ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਸ ਨਾਲ ਕਾਰੋਬਾਰਾਂ, ਕਰਮਚਾਰੀਆਂ ਅਤੇ ਗਾਹਕਾਂ ਨੂੰ ਲਾਭ ਮਿਲਦਾ ਹੈ। 2011 ਵਿੱਚ, ਸਕੌਟਲੈਂਡ ਨੇ ਯੂਕੇ ਦੇ ਦੂਜੇ ਹਿੱਸਿਆਂ ਨੂੰ £45.5 ਬਿਲਿਅਨ ਤੋਂ ਵੱਧ ਦਾ ਸਮਾਨ ਅਤੇ ਸੇਵਾਵਾਂ ਵੇਚੀਆਂ। ਇਹ ਸਾਡੇ ਦੁਆਰਾ ਬਾਕੀ ਦੀ ਦੁਨੀਆਂ ਨੂੰ ਕੀਤੇ ਜਾਣ ਵਾਲੇ ਨਿਰਯਾਤ ਤੋਂ ਦੁਗਣਾ ਅਤੇ ਬਾਕੀ ਦੇ ਯੂਰਪੀਅਨ ਯੂਨੀਅਨ ਨੂੰ ਕੀਤੇ ਜਾਂਦੇ ਨਿਰਯਾਤ ਤੋਂ ਚਾਰ ਗੁਣਾ ਵੱਧ ਹੈ।

ਇਸ ਵਪਾਰ ਨੂੰ ਇੱਕ ਸਾਂਝੇ ਕਾਰੋਬਾਰੀ ਢਾਂਚੇ ਦਾ ਸਮਰਥਨ ਮਿਲਦਾ ਹੈ ਜੋ ਕਰਮਚਾਰੀਆਂ ਨੂੰ ਨਿਯੁਕਤ ਕਰਨ ਤੋਂ ਲੈ ਕੇ, ਪੈਸੇ ਉਧਾਰ ਲੈਣ, ਅਤੇ ਔਨਲਾਈਨ ਜਾਂ ਹਾਈ ਸਟ੍ਰੀਟ ਦੇ ਬਜ਼ਾਰ ਵਿੱਚ ਸਮਾਨ ਵੇਚਣ ਤਕ, ਕਾਰੋਬਾਰ ਦੇ ਹਰੇਕ ਪੱਧਰ ਦਾ ਅਧਾਰ ਹੈ।




**ਅਜ਼ਾਦੀ ਦੇ ਹਾਲਾਤ ਵਿੱਚ, ਸਕੌਟਿਸ਼ ਸਰਕਾਰ ਨੂੰ ਹੇਠਾਂ ਲਿਖਿਆਂ ਦੇ ਵਿਚਕਾਰ ਚੋਣ ਕਰਨੀ ਪਵੇਗੀ:**

- **ਗੈਰ-ਰਸਮੀ ਤੌਰ 'ਤੇ ਪੌਂਡ ਨੂੰ ਅਪਣਾਉਣਾ**, ਜਿਸ ਤਰ੍ਹਾਂ ਨਾਲ ਪਨਾਮਾ ਅਤੇ ਇਕੁਆਡੋਰ ਅਮਰੀਕੀ ਡਾਲਰ ਦਾ ਪ੍ਰਯੋਗ ਕਰਦੇ ਹਨ (ਤਥਾ-ਕਥਿਤ "ਸਟਰਲਿੰਗਾਈਜੇਸ਼ਨ"), ਜਿਸਦਾ ਮਤਲਬ ਹੈ ਕਿ ਆਪਣੀਆਂ ਵਿਆਜ ਦੀਆਂ ਦਰਾਂ 'ਤੇ ਸਕੌਟਲੈਂਡ ਦਾ ਕੋਈ ਨਿਯੰਤ੍ਰਣ ਨਹੀਂ ਹੋਵੇਗਾ ਅਤੇ ਆਪਣੇ ਬੈਂਕਾਂ ਲਈ ਆਖਰੀ ਉਪਾਅ ਦੇ ਰੂਪ ਵਿੱਚ ਕੋਈ ਕਰਜ਼ਦਾਤਾ ਨਹੀਂ ਹੋਵੇਗਾ;

- **ਯੂਰੋ ਨਾਲ ਜੁੜਨਾ**, ਜੋ EU ਵਿੱਚ ਸ਼ਾਮਲ ਹੋਣ ਲਈ ਸ਼ਾਇਦ ਇੱਕ ਅਜ਼ਾਦ ਸਕੌਟਲੈਂਡ ਨੂੰ ਕਰਨਾ ਹੀ ਪਵੇ, ਅਤੇ ਇਸਦਾ ਮਤਲਬ ਹੋਵੇਗਾ ਕਿ ਯੂਕੇ ਪੌਂਡ ਦੇ ਬਦਲੇ ਯੂਰੋ ਨੂੰ ਪ੍ਰਯੋਗ ਵਿੱਚ ਲਿਆਇਆ ਜਾਵੇਗਾ ਅਤੇ ਸਕੌਟਿਸ਼ ਵਿਆਜ ਦੀਆਂ ਦਰਾਂ ਯੂਰਪੀਅਨ ਸੈਂਟਰਲ ਬੈਂਕ ਦੁਆਰਾ ਨਿਸ਼ਚਿਤ ਕੀਤੀਆਂ ਜਾਣਗੀਆਂ;

- **ਇੱਕ ਨਵੀਂ ਸਕੌਟਿਸ਼ ਕਰੰਸੀ ਬਣਾਉਣੀ**, ਜੋ ਸਕੌਟਿਸ਼ ਸਰਕਾਰ ਨੂੰ ਸਾਰੀ ਵਿੱਤੀ ਨੀਤੀ 'ਤੇ ਪੂਰਾ ਨਿਯੰਤ੍ਰਣ ਦੇਵੇਗੀ, ਪਰ ਇਸ ਨਾਲ ਬੱਚਤ ਅਤੇ ਪੈਨਸ਼ਨ ਦੇ ਮੁੱਲ ਬਾਰੇ ਅਨਿਸ਼ਚਿਤਤਾ ਆ ਜਾਵੇਗੀ, ਅਤੇ ਕਾਰੋਬਾਰ ਨੂੰ ਭਾਰੀ ਲਾਗਤਾਂ ਪੈਣਗੀਆਂ।

ਯੂਕੇ ਅੰਦਰ, ਅਸੀਂ ਇਹਨਾਂ ਵਿੱਚੋਂ ਕਿਸੇ ਵੀ ਜੋਖਮਾਂ ਦੇ ਬਿਨਾਂ ਇੱਕ ਮਜ਼ਬੂਤ ਯੂਕੇ ਪੌਂਡ ਦਾ ਲਾਭ ਉਠਾਉਂਦੇ ਹਾਂ।



ਭਾਵੇਂ ਕਰੰਸੀ ਦੀ ਚੋਣ ਵੱਲ ਧਿਆਨ ਨਾ ਦਿੱਤਾ ਜਾਵੇ, ਅਜ਼ਾਦੀ ਨਾਲ ਇਹ ਸਭ ਕੁਝ ਸਮਾਪਤ ਹੋ ਜਾਵੇਗਾ।


ਇਸਦਾ ਮਤਲਬ ਇਹ ਹੋਵੇਗਾ ਕਿ ਪੂਰੇ ਯੂਕੇ ਵਿੱਚ ਵਪਾਰ ਕਰਨ ਵਾਲੇ ਕਾਰੋਬਾਰਾਂ ਨੂੰ ਦੋ ਵੱਖ-ਵੱਖ ਤਰ੍ਹਾਂ ਦੇ ਨਿਯਮਾਂ ਅਤੇ ਕਾਇਦਿਆਂ ਅਤੇ ਦੋ ਟੈਕਸ ਪ੍ਰਣਾਲੀਆਂ ਨਾਲ ਨਿਪਟਣਾ ਪਵੇਗਾ, ਅਤੇ ਇਸ ਸਭ ਨਾਲ ਲਾਗਤਾਂ ਵਧਣਗੀਆਂ ਅਤੇ ਅਨਿਸ਼ਚਿਤਤਾ ਪੈਦਾ ਹੋਵੇਗੀ, ਜਿਸ ਨਾਲ ਸਮੁੱਚੇ ਯੂਕੇ ਵਿੱਚ ਕਾਰੋਬਾਰ ਕਰਨਾ ਹੋਰ ਮੁਸ਼ਕਲ ਹੋ ਜਾਵੇਗਾ।

ਯੂਕੇ ਸਰਕਾਰ ਦੇ ਵਿਸ਼ਲੇਸ਼ਣ ਅਨੁਸਾਰ ਸਕੌਟਲੈਂਡ ਅਤੇ ਵਿਸਤ੍ਰਿਤ ਯੂਕੇ ਦੀ ਅਰਥ-ਵਿਵਸਥਾ ਵਿਚਕਾਰ ਸਰਹੱਦ ਖੜ੍ਹੀ ਕਰਨ, ਅਤੇ ਵੱਖਰੀਆਂ ਨਿਯਮਕ ਅਤੇ ਦੂਜੀਆਂ ਪ੍ਰਣਾਲੀਆਂ ਸਥਾਪਿਤ ਕਰਨ ਦਾ ਪ੍ਰਤੀ ਸਾਲ ਸਕੌਟਲੈਂਡ ਦੇ ਪ੍ਰਤੀ ਪਰਿਵਾਰ ਉੱਪਰ ਸੰਭਾਵੀ ਖਰਚ £2000 ਹੋਵੇਗਾ।

## ਵਿੱਤੀ ਸੇਵਾਵਾਂ

ਯੂਕੇ ਦੀ ਅਰਥ-ਵਿਵਸਥਾ ਦੇ ਆਕਾਰ ਦਾ ਮਤਲਬ ਹੈ ਕਿ ਇਹ ਇੱਕ ਜੋਸ਼ੀਲਾ ਅਤੇ ਸੁਰੱਖਿਅਤ ਵਿੱਤੀ ਖੇਤਰ ਬਣਾਏ ਰੱਖ ਸਕਦਾ ਹੈ ਅਤੇ ਉਸਨੂੰ ਸਮਰਥਨ ਦੇ ਸਕਦਾ ਹੈ। ਅਜ਼ਾਦ ਸਕੌਟਲੈਂਡ ਵਿੱਚ ਬੈਂਕਿੰਗ ਖੇਤਰ ਦਾ ਆਕਾਰ ਉਸਦੀ ਅਰਥ-ਵਿਵਸਥਾ ਨਾਲੋਂ 12 ਗੁਣਾ ਵੱਧ ਹੋਵੇਗਾ - ਜੋ ਆਇਰਲੈਂਡ, ਆਈਸਲੈਂਡ ਅਤੇ ਸਾਇਪ੍ਰਸ ਨਾਲੋਂ ਕਈ ਗੁਣਾ ਵੱਧ ਹੈ ਜਦੋਂ ਉਹਨਾਂ ਨੇ ਮੁਸ਼ਕਲਾਂ ਦਾ ਸਾਹਮਣਾ ਕੀਤਾ ਸੀ।

## GDP ਦੇ ਅਨੁਪਾਤ ਵਿੱਚ ਬੈਂਕਿੰਗ ਖੇਤਰ ਦੀ ਸੰਪਤੀ




ਆਰਥਿਕ ਸੇਵਾਵਾਂ ਵਿੱਚ ਦੁਨੀਆਂ ਦੇ ਆਗੂ ਦੇ ਰੂਪ ਵਿੱਚ ਯੂਕੇ ਦੀ ਸਥਿਤੀ ਤੋਂ ਸਾਨੂੰ ਲਾਭ ਮਿਲਦਾ ਹੈ ਅਤੇ ਸਕੌਟਿਸ਼ ਅਰਥ-ਵਿਵਸਥਾ ਵਿੱਚ ਵਿੱਤੀ ਖੇਤਰ ਸਭ ਤੋਂ ਮਹੱਤਵਪੂਰਨ ਹੈ – 2013 ਵਿੱਚ ਇਸਨੇ ਸਕੌਟਿਸ਼ ਅਰਥ-ਵਿਵਸਥਾ ਵਿੱਚ £8.8 ਬਿਲਿਅਨ ਦਾ ਯੋਗਦਾਨ ਪਾਇਆ ਅਤੇ ਕੁੱਲ ਸਕੌਟਿਸ਼ ਰੁਜ਼ਗਾਰ ਦੇ 8% (ਲਗਭਗ 200,000 ਨੌਕਰੀਆਂ) ਨੂੰ ਸਮਰਥਨ ਦਿੱਤਾ।

ਸਕੌਟਿਸ਼ ਵਿੱਤੀ ਖੇਤਰ, ਅਤੇ ਇਹ ਸਾਰੀਆਂ ਨੌਕਰੀਆਂ ਇੰਗਲੈਂਡ, ਵੇਲਜ ਅਤੇ ਉੱਤਰੀ ਆਇਰਲੈਂਡ - ਅਤੇ ਨਾਲ ਹੀ ਸਕੌਟਲੈਂਡ ਵਿੱਚ ਰਹਿਣ ਵਾਲੇ ਗਾਹਕਾਂ 'ਤੇ ਨਿਰਭਰ ਕਰਦੀਆਂ ਹਨ। ਸਾਡੇ ਯੂਕੇ ਦੇ ਇਕਹਿਰੇ ਬਜ਼ਾਰ ਦਾ ਮਤਲਬ ਇਹ ਹੈ ਕਿ ਸਕੌਟਲੈਂਡ ਦੀਆਂ ਵਿੱਤੀ ਸੇਵਾਵਾਂ ਦੀਆਂ ਕੰਪਨੀਆਂ ਬਿਨਾਂ ਕਿਸੇ ਵੀ ਰੁਕਾਵਟਾਂ ਦੇ ਸਮੁੱਚੇ ਯੂਕੇ ਵਿੱਚ ਗਾਹਕਾਂ ਨੂੰ ਆਪਣੇ ਉਤਪਾਦ ਵੇਚ ਸਕਦੀਆਂ ਹਨ। ਸਕੌਟਿਸ਼ ਕੰਪਨੀਆਂ ਦੁਆਰਾ ਵੇਚੇ ਜਾਂਦੇ ਲਗਭਗ 90% ISAs ਅਤੇ 80% ਮੌਰਗੇਜਾਂ ਯੂਕੇ ਦੇ ਦੂਜੇ ਹਿੱਸਿਆਂ ਵਿੱਚ ਰਹਿੰਦੇ ਗਾਹਕਾਂ ਨੂੰ ਵੇਚੀਆਂ ਜਾਂਦੀਆਂ ਹਨ।

ਅਜ਼ਾਦੀ ਇਸ ਘਰੇਲੂ ਬਜ਼ਾਰ ਨੂੰ ਤੋੜ ਦੇਵੇਗੀ। ਇੱਕ ਅਜ਼ਾਦ ਸਕੌਟਲੈਂਡ ਨੂੰ ਵਿੱਤੀ ਸੇਵਾਵਾਂ ਅਤੇ ਆਪਣਾ ਨਿੱਜੀ ਕਨੂੰਨੀ ਅਤੇ ਨਿਯੰਤ੍ਰਣ ਢਾਂਚਾ ਸਥਾਪਿਤ ਕਰਨਾ ਪਵੇਗਾ, ਅਤੇ ਆਪਣੀ ਪ੍ਰਣਾਲੀ ਸਥਾਪਿਤ ਕਰਨੀ ਪਵੇਗੀ। ਇਸਦਾ ਮਤਲਬ ਹੋਵੇਗਾ ਕਿ ਅਜ਼ਾਦ ਸਕੌਟਲੈਂਡ ਅਤੇ ਬਾਕੀ ਦੇ ਯੂਕੇ ਵਿੱਚ ਪੈਨਸ਼ਨ, ਬੀਮਾ ਅਤੇ ਮੌਰਗੇਜ ਵੇਚਣ ਵਾਲੀਆਂ ਕੰਪਨੀਆਂ ਨੂੰ ਦੋਵਾਂ ਬਜ਼ਾਰਾਂ ਵਿੱਚ ਆਪਣੇ ਕੰਮ ਚਲਾਉਣ ਦੇ ਕਾਰਨ ਵਾਧੂ ਲਾਗਤਾਂ ਦਾ ਸਾਹਮਣਾ ਕਰਨਾ ਪਵੇਗਾ - ਅਜਿਹੀਆਂ ਲਾਗਤਾਂ ਜਿਨ੍ਹਾਂ ਨੂੰ ਅੰਤ ਵਿੱਚ ਵਿਅਕਤੀਆਂ ਨੂੰ ਸਹਿਨ ਕਰਨਾ ਪਵੇਗਾ (ਜਾਂ ਤਾਂ ਟੈਕਸ ਦੇਣ ਵਾਲੇ ਦੇ ਰੂਪ ਵਿੱਚ ਜਾਂ ਫੇਰ ਗਾਹਕਾਂ ਦੇ ਰੂਪ ਵਿੱਚ)।

ਯੂਕੇ ਭਰ ਵਿੱਚ ਬਹੁਤ ਸਾਰੀਆਂ ਗਾਹਕ ਰੱਖਿਆ ਅਤੇ ਸਲਾਹ ਸੰਸਥਾਵਾਂ ਵੀ ਹਨ - ਜਿਵੇਂ ਕਿ ਫਾਇਨੈਂਸ਼ਿਅਲ ਕਨਡਕਟ ਅਥਾਰਿਟੀ, ਫਾਇਨੈਂਸ਼ਿਅਲ ਓਮਬਡਜ਼ਮੈਨ ਸਰਵਿਸ ਅਤੇ ਮਨੀ ਅਡਵਾਈਸ ਸਰਵਿਸ - ਜਿਨ੍ਹਾਂ ਨੂੰ ਅਜ਼ਾਦ ਸਕੌਟਲੈਂਡ ਵਿੱਚ ਦੁਬਾਰਾ ਤੋਂ ਬਣਾਉਣਾ ਮਹਿੰਗਾ ਹੋਵੇਗਾ। ਵਿੱਤੀ ਸੇਵਾਵਾਂ ਦੇ ਉਦਯੋਗ ਦਾ ਅਨੁਮਾਨ ਹੈ ਕਿ ਇਸ ਵਿੱਚ ਲੱਖਾਂ ਪੌਂਡ ਦਾ ਖਰਚ ਹੋਵੇਗਾ।

ਯੂਕੇ ਵਿੱਚ ਚੰਗੀ ਤਰ੍ਹਾਂ ਨਾਲ ਫੰਡ ਕੀਤੇ ਗਏ ਪ੍ਰਬੰਧ ਵੀ ਸਥਾਪਿਤ ਹਨ ਜੋ, ਬੈਂਕ ਦੇ ਮੁਸ਼ਕਲਾਂ ਵਿੱਚ ਚਲੇ ਜਾਣ 'ਤੇ, ਯੂਕੇ ਦੇ ਬੈਂਕਾਂ ਵਿੱਚ ਜਮ੍ਹਾਂ ਰਕਮਾਂ ਦੀ £85,000 ਤਕ ਰੱਖਿਆ ਕਰਦੇ ਹਨ। ਜੇ ਸਕੌਟਲੈਂਡ ਅਜ਼ਾਦ ਹੋ ਜਾਂਦਾ ਹੈ ਤਾਂ ਸਕੌਟਿਸ਼ ਬੈਂਕ ਅਤੇ ਉਹਨਾਂ ਦੇ ਗਾਹਕ ਇਸ ਰੱਖਿਆ ਦੇ ਅਧੀਨ ਨਹੀਂ ਰਹਿਣਗੇ। ਇੱਕ ਅਜ਼ਾਦ ਸਕੌਟਲੈਂਡ ਨੂੰ EU (ਯੂਰੋਪੀਅਨ ਯੂਨੀਅਨ) ਕਨੂੰਨ ਦੇ ਤਹਿਤ ਆਪਣੀ ਨਿੱਜੀ ਡਿਪੌਜ਼ਿਟ ਗਾਰੰਟੀ ਯੋਜਨਾ ਸਥਾਪਿਤ ਕਰਨੀ ਪਵੇਗੀ। ਜੇ ਸਕੌਟਲੈਂਡ ਦੇ ਦੋ ਵੱਡੇ ਬੈਂਕਾਂ ਵਿੱਚੋਂ ਇੱਕ ਫੇਲ ਹੋ ਜਾਵੇ ਤਾਂ

ਜਮ੍ਹਾਂ ਕਰਨ ਵਾਲਿਆਂ ਨੂੰ ਮੁਆਵਜ਼ਾ ਦੇਣ ਦਾ ਖਰਚ ਲਗਭਗ ਪੂਰੀ ਤਰ੍ਹਾਂ ਨਾਲ ਇੱਕੋ ਬਾਕੀ ਬਚੇ ਬੈਂਕ ਉੱਪਰ ਆ ਜਾਵੇਗਾ। ਜੇ ਇਹ ਯੋਜਨਾ ਅਸਫਲ ਹੋ ਜਾਵੇ ਤਾਂ ਇੱਕ ਅਜ਼ਾਦ ਸਕੌਟਿਸ਼ ਸਰਕਾਰ ਨੂੰ ਇਸ ਵਿੱਚ ਸ਼ਾਮਲ ਹੋਣ ਦੀ ਲੋੜ ਹੋ ਸਕਦੀ ਹੈ। ਵਰਤਮਾਨ ਵਿੱਚ, ਸਕੌਟਿਸ਼ ਯੋਜਨਾ ਦੇ ਅਧੀਨ ਆਉਣ ਵਾਲੀਆਂ ਜਮ੍ਹਾਂ ਰਕਮਾਂ ਦਾ ਮੁੱਲ ਸਕੌਟਿਸ਼ ਅਰਥ-ਵਿਵਸਥਾ ਦੇ 100% ਤੋਂ ਵੱਧ ਹੈ।

ਇਹਨਾਂ ਵਾਧੂ ਲਾਗਤਾਂ ਦਾ ਜੋਖਮ ਚੁੱਕਣ ਦੀ ਬਜਾਏ, ਕੰਪਨੀਆਂ ਸਿਰਫ ਇੱਕ ਹੀ ਬਜ਼ਾਰ 'ਤੇ ਆਪਣਾ ਧਿਆਨ ਕੇਂਦ੍ਰਿਤ ਕਰਨ ਦਾ ਫੈਸਲਾ ਲੈ ਸਕਦੀਆਂ ਹਨ। RBS ਅਤੇ ਬੈਂਕ ਆਫ ਸਕੌਟਲੈਂਡ ਵਰਗੀਆਂ ਕੰਪਨੀਆਂ ਨੇ ਸਕੌਟਿਸ਼ ਅਜ਼ਾਦੀ ਦੇ ਹਾਲਾਤ ਵਿੱਚ ਵਧੇਰੇ ਲਾਗਤਾਂ ਦੇ ਜੋਖਮਾਂ ਬਾਰੇ ਗੱਲ ਕੀਤੀ ਹੈ। ਸਟੈਂਡਰਡ ਲਾਈਫ ਅਤੇ ਅਲਾਂਇਸ ਟ੍ਰਸਟ ਵਰਗੇ ਦੂਸਰੇ ਇਸ ਬਾਰੇ ਵਿਚਾਰ ਕਰ ਰਹੇ ਹਨ ਕਿ ਜੇ ਅਜ਼ਾਦੀ ਦੇ ਹੱਕ ਵਿੱਚ ਵੋਟ ਪੈਂਦੀ ਹੈ ਤਾਂ ਉਹ ਆਪਣੇ ਕਾਰੋਬਾਰ ਦੇ ਹਿੱਸਿਆਂ ਨੂੰ ਕਿਵੇਂ ਇੰਗਲੈਂਡ ਵਿੱਚ ਲਿਜਾ ਸਕਦੇ ਹਨ।

ਅਜ਼ਾਦੀ ਦਾ ਨਤੀਜਾ, ਸਕੌਟਲੈਂਡ ਦੇ ਲੋਕਾਂ ਲਈ ਮੌਰਗੇਜਾਂ, ਬੀਮਾ ਅਤੇ ਪੈਨਸ਼ਨ ਸਮੇਤ ਆਰਥਿਕ ਉਤਪਾਦਾਂ ਵਿੱਚ ਘੱਟ ਚੋਣ ਅਤੇ ਉੱਚੀਆਂ ਲਾਗਤਾਂ ਦੇ ਰੂਪ ਵਿੱਚ ਹੋ ਸਕਦਾ ਹੈ। ਇੱਕ ਸੁਤੰਤਰ ਵਿਸ਼ਲੇਸ਼ਣ ਦੇ ਅਧਾਰ 'ਤੇ, ਯੂਕੇ ਸਰਕਾਰ ਨੇ ਅਨੁਮਾਨ ਲਗਾਇਆ ਹੈ ਕਿ ਸਕੌਟਲੈਂਡ ਵਿੱਚ ਇੱਕ ਔਸਤ ਸਲਾਨਾ ਮੌਰਗੇਜ ਭੁਗਤਾਨ ਵਿੱਚ £1,700 ਦਾ ਵਾਧਾ ਹੋ ਸਕਦਾ ਹੈ।




# ਸਾਡਾ ਸਾਂਝਾ ਯੂਨਾਇਟੇਡ ਕਿੰਗਡਮ

ਯੂਕੇ ਭਰ ਵਿੱਚ ਸਾਡੇ ਸੰਸਾਧਨਾਂ ਨੂੰ ਸਾਂਝਾ ਕਰਨ ਨਾਲ ਸਕੌਟਲੈਂਡ ਵਿੱਚ ਵਰਤਮਾਨ ਅਤੇ ਭਵਿੱਖ ਵਿੱਚ ਜਨਤਕ ਖਰਚ ਵਿੱਚ ਸਹਾਇਤਾ ਮਿਲਦੀ ਹੈ - 1998 ਤੋਂ ਸਕੌਟਲੈਂਡ ਵਿੱਚ ਖਰਚ ਯੂਕੇ ਦੀ ਔਸਤ ਨਾਲੋਂ ਲਗਭਗ 10% ਵੱਧ ਰਿਹਾ ਹੈ। 13-2012 ਵਿੱਚ ਇਹ ਪ੍ਰਤੀ ਵਿਅਕਤੀ ਲਈ £1,300 ਦੇ ਬਰਾਬਰ ਸੀ।

ਯੂਕੇ ਵਿੱਚ ਅਸੀਂ ਜਿੱਥੇ ਵੀ ਰਹੀਏ, ਲੋਕਾਂ ਨੂੰ ਬਰਾਬਰ ਬੈਨਿਫਿਟ ਭੁਗਤਾਨ ਮਿਲਦੇ ਹਨ, ਭਾਵੇਂ ਸਥਾਨਕ ਅਰਥ-ਵਿਵਸਥਾਵਾਂ ਵਿੱਚ ਕੋਈ ਵੀ ਉਤਾਰ-ਚੜਾਅ ਆਵੇ, ਜਾਂ ਸਥਾਨਕ ਜਨਸੰਖਿਆ ਵਿੱਚ ਕੋਈ ਵੀ ਫਰਕ ਹੋਵੇ। ਯੂਕੇ ਦੀ ਅਰਥ-ਵਿਵਸਥਾ ਦਾ ਆਕਾਰ ਅਤੇ ਇਸਦੀ ਸ਼ਕਤੀ ਲੋੜ ਦੇ ਸਮੇਂ ਆਪਣੇ ਲੋਕਾਂ ਦੀ ਸਹਾਇਤਾ ਕਰਨ ਅਤੇ ਸਾਡੇ ਬੁਢਾਪੇ ਵਿੱਚ ਵਿੱਤੀ ਸੁਰੱਖਿਆ ਮੁਹੱਈਆ ਕਰਨ ਵਿੱਚ ਸਾਡੀ ਸਹਾਇਤਾ ਕਰਦੀ ਹੈ।

ਅਜ਼ਾਦੀ ਦੇ ਹਾਲਾਤ ਵਿੱਚ, ਸਕੌਟਲੈਂਡ ਨੂੰ ਉੱਤਰੀ ਸਮੁੰਦਰ (ਨੌਰਥ ਸੀ) ਦੇ ਤੇਲ ਅਤੇ ਗੈਸ ਦੀ ਆਮਦਨੀ ਦਾ ਇੱਕ ਹਿੱਸਾ ਮਿਲੇਗਾ, ਜਿਸ 'ਤੇ ਸੌਦੇਬਾਜ਼ੀ ਕਰਨੀ ਪਵੇਗੀ। ਪਰ, ਤੇਲ ਤੋਂ ਕਮਾਈ, ਆਮਦਨੀ ਦੇ ਸਭ ਤੋਂ ਅਸਥਿਰ ਸ੍ਰੋਤਾਂ ਵਿੱਚੋਂ ਇੱਕ ਹੈ। ਸਪੁਰਦਗੀ ਦੇ ਬਾਅਦ ਤੋਂ, ਤੇਲ ਅਤੇ ਗੈਸ ਤੋਂ ਕਮਾਈ ਦਾ ਸਕੌਟਲੈਂਡ ਦਾ ਭੂਗੋਲਿਕ ਹਿੱਸਾ £2 ਬਿਲਿਅਨ ਅਤੇ £12 ਬਿਲਿਅਨ ਦੇ ਵਿਚਕਾਰ ਵੱਧਦਾ-ਘਟਦਾ ਰਿਹਾ ਹੈ। ਸਕੌਟਿਸ਼ ਸਰਕਾਰ ਦੇ ਅੰਕੜੇ ਦਿਖਾਉਂਦੇ ਹਨ ਕਿ 2012-13 ਵਿੱਚ, ਉੱਤਰੀ ਸਮੁੰਦਰ ਤੋਂ ਆਮਦਨੀ ਦੇ ਭੂਗੋਲਿਕ ਹਿੱਸੇ ਵਿੱਚ £4 ਬਿਲਿਅਨ ਤੋਂ ਵੱਧ ਦੀ ਕਮੀ ਆਈ – ਜੋ ਕਿ ਇੱਕ ਸਾਲ ਵਿੱਚ ਸਕੌਟਲੈਂਡ ਦੇ ਸਿੱਖਿਆ ਬਜਟ ਦੇ ਅੱਧੇ ਨਾਲੋਂ ਵੱਧ ਹਿੱਸੇ ਨੂੰ ਗੁਆ ਦੇਣ ਦੇ ਬਰਾਬਰ ਹੈ। ਪਰ, ਯੂਕੇ ਦਾ ਹਿੱਸਾ ਹੋਣ 'ਤੇ, ਯੂਕੇ ਦੀ ਅਰਥ-ਵਿਵਸਥਾ ਦੀ ਸ਼ਕਤੀ ਅਤੇ ਵਿਵਿਧਤਾ ਦਾ ਲਾਭ ਲੈਂਦੇ ਹੋਏ ਅਸਲ ਵਿੱਚ 2012-13 ਵਿੱਚ ਸਕੌਟਿਸ਼ ਸਰਕਾਰ ਦਾ ਬਜਟ ਵਧਿਆ ਸੀ।




ਯੂਕੇ ਦੇ ਅੰਦਰ, ਤੇਲ ਅਤੇ ਗੈਸ ਖੇਤਰ ਅਤੇ ਨਵਿਆਉਣਯੋਗ ਊਰਜਾ ਦੇ ਖੇਤਰ ਨੂੰ ਲੱਖਾਂ ਗਾਹਕਾਂ ਦੇ ਇਕੱਲੇ ਬਜ਼ਾਰ ਤੋਂ ਲਾਭ ਮਿਲਦਾ ਹੈ। ਸਕੌਟਲੈਂਡ ਦਾ ਊਰਜਾ ਉਦਯੋਗ, ਇੰਗਲੈਂਡ ਅਤੇ ਵੇਲਜ ਦੇ 24 ਮਿਲਿਅਨ ਬਿਜਲੀ ਦੇ ਗਾਹਕਾਂ - ਸਕੌਟਲੈਂਡ ਵਿਚਲੇ ਗਾਹਕਾਂ ਨਾਲੋਂ 10 ਗੁਣਾ - ਤਕ ਕਿਸੇ ਪ੍ਰਤਿਬੰਧਿਤ ਦੇ ਬਿਨਾਂ ਪਹੁੰਚ 'ਤੇ ਨਿਰਭਰ ਕਰਦਾ ਹੈ। ਯੂਕੇ ਦਾ ਹਿੱਸਾ ਹੋਣ 'ਤੇ, ਅਸੀਂ ਨਵਿਆਉਣਯੋਗ ਊਰਜਾ ਦੀ ਸੰਭਾਵਨਾ ਨੂੰ ਵੱਧ ਤੋਂ ਵੱਧ ਕਰਨ ਲਈ ਇਕੱਠੇ ਮਿਲ ਕੇ ਕੰਮ ਕਰਦੇ ਹਾਂ, ਜਿਸ ਵਿੱਚ ਲਾਗਤਾਂ ਨੂੰ ਪੂਰੇ ਯੂਕੇ ਵਿੱਚ ਗਾਹਕਾਂ ਦੁਆਰਾ ਸਾਂਝਾ ਕੀਤੇ ਜਾਣ ਨਾਲ ਸਕੌਟਲੈਂਡ ਦੇ ਗਤੀਸ਼ੀਲ ਨਵਿਆਉਣਯੋਗ ਊਰਜਾ ਦੇ ਖੇਤਰ ਨੂੰ ਲਾਭ ਮਿਲਦਾ ਹੈ।

ਨਵਿਆਉਣਯੋਗ ਊਰਜਾ ਦੀ ਤਰ੍ਹਾਂ, ਨਵੀਨਤਾਕਾਰੀ ਉਦਯੋਗ ਨੂੰ ਯੂਕੇ ਦੇ ਦੁਨੀਆਂ ਭਰ ਵਿੱਚ ਮੋਹਰੀ ਅਤੇ ਵੱਧ-ਫੁਲ ਰਹੇ ਖੋਜ ਭਾਈਚਾਰੇ ਤੋਂ ਲਾਭ ਮਿਲਦਾ ਹੈ। ਪੂਰੇ ਯੂਕੇ ਦੇ ਖੋਜਕਰਤਾਵਾਂ ਨੂੰ ਅਡਵਾਂਸਡ ਕੰਪਿਊਟਿੰਗ ਵਰਗੇ ਬੁਨਿਆਦੀ ਢਾਂਚਿਆਂ ਅਤੇ ਯੂਰੋਪੀਅਨ ਸੈਂਟਰ ਫਾਰ ਨਿਊਕਲੀਅਰ ਰਿਸਰਚ (CERN) ਵਰਗੀਆਂ ਅੰਤਰਰਾਸ਼ਟਰੀ ਸਹੂਲਤਾਂ ਵਿੱਚ ਯੂਕੇ ਦੀ ਮੈਂਬਰਸ਼ਿਪ ਤੋਂ ਫਾਇਦਾ ਹੁੰਦਾ ਹੈ। ਇਹਨਾਂ ਲਾਗਤਾਂ ਨੂੰ ਸਾਂਝਾ ਕਰਨ ਨਾਲ ਇਹਨਾਂ ਨੂੰ ਸਹਿਣਾ ਸੌਖਾ ਬਣ ਜਾਂਦਾ ਹੈ। ਨਾਲ ਹੀ, ਸਕੌਟਲੈਂਡ ਦੇ ਖੋਜਕਰਤਾਵਾਂ ਨੂੰ ਸਮੁੱਚੇ ਯੂਕੇ ਦੀ ਖੋਜ ਸੰਬੰਧੀ ਫੰਡਿੰਗ ਤੋਂ ਸਿੱਧਾ ਲਾਭ ਮਿਲਦਾ ਹੈ। 2012-13 ਵਿੱਚ, ਸਕੌਟਲੈਂਡ ਨੂੰ ਯੂਕੇ ਰਿਸਰਚ ਕਾਉਂਸਿਲ ਦੀ ਫੰਡਿੰਗ (£257 ਮਿਲਿਅਨ) ਦਾ 13% ਤੋਂ ਵੱਧ ਹਿੱਸਾ ਮਿਲਿਆ - ਜੋ ਸਕੌਟਲੈਂਡ ਦੇ GDP ਦੇ ਹਿੱਸੇ (8%) ਜਾਂ ਜਨਸੰਖਿਆ ਦੇ ਹਿੱਸੇ (8.4%) ਤੋਂ ਬਿਹਤਰ ਸੀ। ਜਨਤਕ ਫੰਡਿੰਗ ਦੇ ਇਲਾਵਾ, ਯੂਕੇ ਦੇ ਚੈਰੀਟੇਬਲ ਸੰਗਠਨ ਸਕੌਟਲੈਂਡ ਵਿੱਚ ਹੋ ਰਹੀ ਖੋਜ ਲਈ ਕਾਫੀ ਵੱਡੀ ਰਕਮ ਮੁਹੱਈਆ ਕਰਦੇ ਹਨ; ਸਾਲ 2011 ਵਿੱਚ ਐਸੋਸਿਏਸ਼ਨ ਆਫ ਮੈਡਿਕਲ ਰਿਸਰਚ ਚੈਰਿਟੀਆਂ ਦੁਆਰਾ ਇਕੱਠੇ ਕੀਤੇ ਗਏ ਫੰਡ ਦਾ ਲਗਭਗ 14% ਸਕੌਟਲੈਂਡ ਵਿੱਚ ਖੋਜ 'ਤੇ ਖਰਚ ਕੀਤਾ ਗਿਆ।

ਯੂਕੇ ਰਿਸਰਚ ਕਾਉਂਸਿਲਾਂ, ਯੂਕੇ ਭਰ ਵਿੱਚ ਉਹਨਾਂ 200 ਤੋਂ ਵੱਧ ਜਨਤਕ ਸੰਗਠਨਾਂ ਵਿੱਚੋਂ ਕੁਝ ਹਨ ਜੋ ਵਰਤਮਾਨ ਵਿੱਚ ਸਕੌਟਲੈਂਡ ਦੇ ਲੋਕਾਂ ਨੂੰ ਆਪਣੀ ਸੇਵਾ ਮੁਹੱਈਆ ਕਰਦੇ ਹਨ। ਉਹਨਾਂ ਨੂੰ ਸਾਂਝੇ ਮੁੱਲਾਂ ਦਾ ਸਮਰਥਨ ਮਿਲਦਾ ਹੈ ਅਤੇ ਯੂਕੇ ਵਿੱਚ ਹਰ ਕੋਈ ਵੱਡੀਆਂ ਅਰਥ-ਵਿਵਸਥਾਵਾਂ ਦਾ ਲਾਭ ਚੁੱਕ ਸਕਦਾ ਹੈ, ਜਿਸ ਨਾਲ ਟੈਕਸ ਦੇਣ ਵਾਲਿਆਂ 'ਤੇ ਬੋਝ ਘੱਟਦਾ ਹੈ, ਯੂਕੇ ਦੀ ਵਿਸ਼ਵ-ਵਿਆਪੀ ਪ੍ਰਤਿਸ਼ਠਾ ਵਧਦੀ ਹੈ ਅਤੇ ਜਿੱਥੇ ਉਚਿਤ ਹੋਵੇ ਸੰਸਾਧਨਾਂ ਅਤੇ ਜੋਖਮਾਂ ਨੂੰ ਸਾਂਝਾ ਕੀਤਾ ਜਾਂਦਾ ਹੈ। ਪਰ, ਜੇ ਸਕੌਟਲੈਂਡ ਯੂਨਾਇਟੇਡ ਕਿੰਗਡਮ ਨੂੰ ਛੱਡ ਕੇ ਚਲਾ ਜਾਂਦਾ ਹੈ, ਤਾਂ ਉਹ ਯੂਕੇ ਦੀਆਂ ਸਾਰੀਆਂ ਸੰਸਥਾਵਾਂ ਨੂੰ ਵੀ ਛੱਡ ਦੇਵੇਗਾ।

ਸਕੌਟਿਸ਼ ਸਰਕਾਰ ਨੇ ਕਿਹਾ ਹੈ ਕਿ ਅਜ਼ਾਦੀ ਦੇ ਹਾਲਾਤ ਵਿੱਚ ਉਹ ਇਹਨਾਂ ਸੰਸਥਾਵਾਂ ਵਿੱਚੋਂ ਬਹੁਤ ਸਾਰਿਆਂ ਵਿੱਚ ਆਪਣਾ ਹਿੱਸਾ ਜਾਰੀ ਰੱਖਣਾ ਚਾਹੁਣਗੇ। ਪਰ ਇਹਨਾਂ ਸੰਸਥਾਵਾਂ ਨੂੰ ਹੋਰ ਵੱਖਰੇ ਰਾਸ਼ਟਰਾਂ ਦੇ ਨਾਲ ਸਾਂਝਾ ਨਹੀਂ ਕੀਤਾ ਜਾਂਦਾ ਹੈ, ਅਤੇ ਇਹ ਗੱਲ ਸਾਫ਼ ਨਹੀਂ ਹੈ ਕਿ ਭਵਿੱਖ ਵਿੱਚ ਦੋ ਵੱਖ-ਵੱਖ ਰਾਸ਼ਟਰਾਂ ਨੂੰ ਆਪਣੀ ਸੇਵਾ ਮੁਹੱਈਆ ਕਰਨ ਲਈ ਯੂਕੇ ਦੀਆਂ ਸੰਸਥਾਵਾਂ ਵਿੱਚ ਤਬਦੀਲੀ ਕਰਨਾ ਬਾਕੀ ਬਚੇ ਯੂਕੇ ਦੇ ਹਿੱਤ ਵਿੱਚ ਕਿਉਂ ਹੋਵੇਗਾ।

ਨਵੇਂ ਸਕੌਟਿਸ਼ ਰਾਸ਼ਟਰ ਨੂੰ ਲਾਜ਼ਮੀ ਤੌਰ 'ਤੇ ਕਈ ਵੱਖ-ਵੱਖ ਤਰ੍ਹਾਂ ਦੇ ਨਵੇਂ ਜਨਤਕ ਸੰਗਠਨਾਂ ਦੀ ਸਿਰਜਣਾ ਕਰਨੀ ਪਵੇਗੀ। ਪੂਰੀ ਤਰ੍ਹਾਂ ਨਾਲ ਨਵੀਆਂ ਸੰਸਥਾਵਾਂ ਨੂੰ ਸਥਾਪਿਤ ਕਰਨਾ ਇੱਕ ਬਹੁਤ ਵੱਡਾ ਕੰਮ ਹੋਵੇਗਾ ਜਿਸਦੇ ਲਈ ਕਾਫੀ ਵੱਡੇ ਅਗਾਊਂ ਨਿਵੇਸ਼ ਦੀ ਲੋੜ ਹੋਵੇਗੀ।

ਯੂਕੇ ਦਾ ਹਿੱਸੇ ਹੋਣ ਦੇ ਨਾਤੇ ਅਸੀਂ ਜਿਨ੍ਹਾਂ ਸੰਸਥਾਵਾਂ ਨੂੰ ਸਾਂਝੇ ਤੌਰ 'ਤੇ ਵਰਤਦੇ ਹਾਂ ਉਹ ਸਾਡੀਆਂ ਰੋਜ਼ਾਨਾ ਜ਼ਿੰਦਗੀਆਂ ਵਿੱਚ ਬਹੁਤ ਗਹਿਰਾਈ ਦੇ ਨਾਲ ਜੁੜੀਆਂ ਹੋਈਆਂ ਹਨ। ਉਦਾਹਰਨ ਵਜੋਂ, ਪੂਰੇ ਯੂਕੇ ਵਿੱਚ ਲੱਖਾਂ ਲੋਕ ਨੇਸ਼ਨਲ ਲਾਟਰੀ ਖੇਡਦੇ ਹਨ ਅਤੇ ਉਸਦੇ ਦੁਆਰਾ ਇਕੱਠਾ ਕੀਤਾ ਜਾਂਦਾ ਪੈਸਾ ਪੂਰੇ ਯੂਕੇ ਵਿੱਚ ਖੇਡ ਅਤੇ ਸੱਭਿਆਚਾਰ ਨੂੰ ਸਮਰਥਨ ਦੇਣ ਲਈ ਵਰਤਿਆ ਜਾਂਦਾ ਹੈ, ਜਿਸ ਵਿੱਚ 1994 ਤੋਂ ਸਕੌਟਲੈਂਡ ਵਿੱਚ 50,000 ਤੋਂ ਵੱਧ ਵਿਅਕਤੀਗਤ ਚੰਗੇ ਅਭਿਆਨਾਂ ਨੂੰ £2.5 ਬਿਲਿਅਨ ਦਾ ਫੰਡ ਮਿਲਿਆ ਹੈ। ਇੱਕ ਨਵੇਂ

ਸਕੌਟਿਸ਼ ਰਾਸ਼ਟਰ ਨੂੰ ਆਪਣੇ-ਆਪ ਹੀ ਯੂਕੇ ਨੈਸ਼ਨਲ ਲਾਟਰੀ ਦਾ ਹਿੱਸਾ ਬਣੇ ਰਹਿਣ ਦਾ ਹੱਕ ਨਹੀਂ ਮਿਲੇਗਾ।

ਬੀਬੀਸੀ ਸਾਡੀਆਂ ਸਾਂਝੀਆਂ ਸੰਸਥਾਵਾਂ ਵਿੱਚੋਂ ਸਭ ਤੋਂ ਸ਼ਾਨਦਾਰ ਹੈ। ਪੂਰੇ ਦੁਨੀਆਂ ਵਿੱਚ ਇਸਦੀ ਪ੍ਰਸੰਸਾ ਕੀਤੀ ਜਾਂਦੀ ਹੈ ਅਤੇ ਇਹ ਯੂਕੇ ਵਿੱਚ ਲੱਖਾਂ ਦਰਸ਼ਕਾਂ ਅਤੇ ਸਰੋਤਿਆਂ ਨੂੰ ਸੂਚਿਤ ਕਰਦਾ, ਸਿੱਖਿਆ ਦਿੰਦਾ ਅਤੇ ਉਹਨਾਂ ਦਾ ਮਨੋਰੰਜਨ ਕਰਦਾ ਹੈ। ਅਜ਼ਾਦੀ ਦੇ ਹਾਲਾਤ ਵਿੱਚ, ਬੀਬੀਸੀ ਸਮੇਤ, ਜਨਤਕ ਸੇਵਾ ਦੇ ਪ੍ਰਸਾਰਣਕਰਤਾ ਬਾਕੀ ਬਚੇ ਯੂਕੇ ਨੂੰ ਆਪਣੀ ਸੇਵਾ ਦੇਣਗੇ।

ਇੱਕ ਨਵੇਂ ਵੱਖਰੇ ਰਾਸ਼ਟਰ ਦੇ ਰੂਪ ਵਿੱਚ, ਇੱਕ ਅਜ਼ਾਦ ਸਕੌਟਲੈਂਡ ਨੂੰ ਆਪਣੇ-ਆਪ ਹੀ ਬੀਬੀਸੀ ਦਾ ਹਿੱਸਾ ਨਹੀਂ ਮਿਲੇਗਾ। ਮੌਜੂਦਾ ਬੀਬੀਸੀ ਦੀ ਸੰਪਤੀ ਨੂੰ ਵਰਤਣ, ਜਾਂ ਬੀਬੀਸੀ ਪ੍ਰੋਗਰਾਮਾਂ ਨੂੰ ਦਿਖਾਉਣ ਦੇ ਕਿਸੇ ਵੀ ਦਾਅਵੇ 'ਤੇ ਸੌਦੇਬਾਜ਼ੀ ਕਰਨੀ ਪਵੇਗੀ।

# ਦੁਨੀਆਂ ਵਿੱਚ ਸਾਡਾ ਸਥਾਨ

ਯੂਨਾਇਟੇਡ ਕਿੰਗਡਮ ਦੇ ਰੂਪ ਵਿੱਚ ਇਕੱਠੇ ਮਿਲ ਕੇ, ਅਸੀਂ ਆਪਣੇ ਆਲੇ-ਦੁਆਲੇ ਦੀ ਦੁਨੀਆਂ ਨੂੰ ਪ੍ਰਭਾਵਿਤ ਕਰਦੇ ਹਾਂ। ਯੂਕੇ ਨੂੰ EU, NATO, G7, ਕਾਮਨਵੈਲਥ, ਅਤੇ UN ਸਿਕਉਰਿਟੀ ਕਾਉਂਸਿਲ ਦੇ ਮੁੱਖ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ - ਇਹ ਦੁਨੀਆਂ ਦਾ ਇੱਕੋ-ਇੱਕ ਦੇਸ਼ ਹੈ ਜੋ ਇਹਨਾਂ ਸਾਰੇ ਸੰਗਠਨਾਂ ਦਾ ਹਿੱਸਾ ਹੈ। ਅਸੀਂ ਸਕੌਟਲੈਂਡ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਅੰਤਰਰਾਸ਼ਟਰੀ ਫੈਸਲਿਆਂ ਨੂੰ ਆਕਾਰ ਦਿੰਦੇ ਹਾਂ ਅਤੇ ਪੂਰੀ ਦੁਨੀਆਂ ਵਿੱਚ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣ ਲਈ ਆਪਣੇ ਅਸਰ ਦਾ ਪ੍ਰਯੋਗ ਕਰਦੇ ਹਾਂ।

ਯੂਕੇ ਦਾ ਦੁਨੀਆਂ ਭਰ ਵਿੱਚ ਫੈਲਿਆ ਰਾਜਦੂਤਕ ਨੈਟਵਰਕ ਪੂਰੀ ਦੁਨੀਆਂ ਵਿੱਚ ਸਕੌਟਲੈਂਡ ਦੀ ਪ੍ਰਤਿਨਿਧਤਾ ਕਰਦਾ ਹੈ ਅਤੇ ਦੁਨੀਆਂ ਭਰ ਵਿੱਚ 154 ਦੇਸ਼ਾਂ ਅਤੇ 12 ਵਿਦੇਸ਼ੀ ਇਲਾਕਿਆਂ ਵਿੱਚ 267 ਐਮਬਸੀਆਂ (ਦੂਤਾਵਾਸਾਂ), ਹਾਈ ਕਮੀਸ਼ਨਾਂ, ਕਾਨਸੂਲੇਟਾਂ ਅਤੇ ਹੋਰ ਦਫਤਰਾਂ ਵਿੱਚ 14,000 ਤੋਂ ਵੱਧ ਲੋਕਾਂ ਨੂੰ ਨੌਕਰੀ ਦਿੰਦਾ ਹੈ। ਸਕੌਟਲੈਂਡ ਵਿੱਚ ਅਧਾਰਤ ਕਾਰੋਬਾਰਾਂ ਦੇ ਵਿੱਤੀ ਹਿੱਤਾਂ ਨੂੰ ਵਿਕਸਿਤ ਕਰਨ ਅਤੇ ਉਹਨਾਂ ਦੀ ਰੱਖਿਆ ਕਰਨ ਲਈ ਅਸੀਂ ਆਪਣੇ ਨੈਟਵਰਕਾਂ ਦੀ ਵਰਤੋਂ ਕਰਦੇ ਹਾਂ - ਉਦਾਹਰਨ ਵਜੋਂ, ਨਕਲੀ ਉਤਪਾਦਾਂ, ਵਿਤਕਰੇਪੂਰਨ ਟੈਕਸ ਅਤੇ ਵਪਾਰਕ ਰੁਕਾਵਟਾਂ ਦੇ ਵਿਰੁੱਧ ਸਕੌਚ ਵ੍ਹਿਸਕੀ ਦੀ ਰੱਖਿਆ ਕਰਨੀ।

ਸਕੌਟਿਸ਼ ਕਾਰੋਬਾਰਾਂ ਨੂੰ 100 ਤੋਂ ਵੱਧ ਦੇਸ਼ਾਂ ਵਿੱਚ ਯੂਕੇ ਟ੍ਰੇਡ ਐਂਡ ਇਨਵੈਸਟਮੈਂਟ (UKTI) ਦੇ 169 ਦਫਤਰਾਂ ਦੀ ਸਰਗਰਮ ਸਹਾਇਤਾ ਦਾ ਲਾਭ ਮਿਲਦਾ ਹੈ।

ਅਤੇ, ਯੂਕੇ ਦਾ ਹਿੱਸਾ ਹੋਣ ਦੇ ਨਾਤੇ, ਅਸੀਂ ਦੁਨੀਆਂ ਵਿੱਚ ਦੂਸਰੇ ਸਭ ਤੋਂ ਵੱਡੇ ਸਹਾਇਤਾ ਦਾਤਾ ਅਤੇ G7 ਵਿੱਚ 0.7% GNI (ਗਰੌਸ ਨੈਸ਼ਨਲ ਇਨਕਮ) ਦੀ ਵਚਨਬੱਧਤਾ ਨੂੰ ਪੂਰਾ ਕਰਨ ਵਾਲੇ ਪਹਿਲੇ ਦੇਸ਼ ਦੇ ਰੂਪ ਵਿੱਚ, ਆਪਣੇ ਸੰਸਾਧਨਾਂ ਨੂੰ ਸਾਂਝੇ ਤੌਰ 'ਤੇ ਵਰਤਦੇ ਹੋਏ ਅੰਤਰਰਾਸ਼ਟਰੀ ਸਹਾਇਤਾ ਵਿੱਚ ਅਸਲ ਫ਼ਰਕ ਲਿਆਉਂਦੇ ਹਾਂ। ਸਾਡੀਆਂ ਸਾਂਝੀਆਂ ਕੋਸ਼ਿਸ਼ਾਂ ਯੂਕੇ ਨੂੰ ਅਤਿਅੰਤ ਗਰੀਬੀ ਸਮਾਪਤ ਕਰਨ ਲਈ ਕੰਮ ਕਰਨ ਦੇ ਯੋਗ ਬਣਾਉਂਦੀਆਂ ਹਨ; ਨੌਕਰੀਆਂ ਪੈਦਾ ਕਰਨ ਦੇ ਦੁਆਰਾ ਸਹਾਇਤਾ ਦੀ ਲੋੜ ਨੂੰ ਸਮਾਪਤ ਕਰਨਾ, ਕੁੜੀਆਂ ਅਤੇ ਔਰਤਾਂ ਦੀ ਸਮਰੱਥਾ ਨੂੰ ਸਾਹਮਣੇ ਲਿਆਉਣਾ ਅਤੇ ਮਨੁੱਖਤਾਵਾਦੀ ਸੰਕਟਕਾਲ ਹਾਲਾਤ ਪੈਦਾ ਹੋਣ 'ਤੇ ਜ਼ਿੰਦਗੀਆਂ ਬਚਾਉਣ ਵਿੱਚ ਸਹਾਇਤਾ ਕਰਨੀ।

ਯੂਰੋਪ ਵਿੱਚ ਯੂਕੇ ਦੀ ਮਜ਼ਬੂਤ ਆਵਾਜ਼ ਤੋਂ ਸਾਨੂੰ ਸਾਰਿਆਂ ਨੂੰ ਲਾਭ ਮਿਲਦਾ ਹੈ, ਜਿੱਥੇ ਅਸੀਂ ਸਕੌਟਲੈਂਡ ਦੇ ਲੋਕਾਂ ਅਤੇ ਕਾਰੋਬਾਰਾਂ ਲਈ ਮਹੱਤਵਪੂਰਨ ਮੁੱਦਿਆਂ 'ਤੇ ਆਪਣੇ ਅਸਰ ਦੀ ਵਰਤੋਂ ਕਰਦੇ ਹਾਂ, ਜਿਵੇਂ ਕਿ ਬਜਟ ਵਿੱਚ ਯੋਗਦਾਨ, ਮੱਛੀ ਪਾਲਨ ਅਤੇ

## ਦੁਨੀਆਂ ਵਿੱਚ ਚੋਟੀ ਦੇ ਦਸ ਸਹਾਇਤਾ ਦਾਤਾ

| | | |
|---|---|---|
| 1 | ਅਮਰੀਕਾ | $31.55 ਬਿਲਿਅਨ |
| 2 | ਯੂਕੇ | $17.88 ਬਿਲਿਅਨ |
| 3 | ਜਰਮਨੀ | $14.06 ਬਿਲਿਅਨ |
| 4 | ਜਪਾਨ | $11.79 ਬਿਲਿਅਨ |
| 5 | ਫ਼੍ਰਾਂਸ | $11.38 ਬਿਲਿਅਨ |
| 6 | ਸਵੀਡਨ | $5.83 ਬਿਲਿਅਨ |
| 7 | ਨੋਰਵੇ | $5.58 ਬਿਲਿਅਨ |
| 8 | ਨੇਦਰਲੈਂਡਸ | $5.44 ਬਿਲਿਅਨ |
| 9 | ਕੈਨੇਡਾ | $4.91 ਬਿਲਿਅਨ |
| 10 | ਆਸਟ੍ਰੇਲਿਆ | $4.85 ਬਿਲਿਅਨ |

ਖੇਤੀਬਾੜੀ ਉਦਯੋਗ ਲਈ ਵਿੱਤੀ ਸਹਾਇਤਾ (ਸਬਸਿਡੀ)। ਸਾਡੇ ਦੁਆਰਾ EU (ਯੂਰੋਪੀਅਨ ਯੂਨਿਅਨ) ਵਿੱਚ ਸੌਦੇਬਾਜ਼ੀ ਕੀਤੀਆਂ ਗਈਆਂ ਸ਼ਰਤਾਂ ਤੋਂ ਯੂਕੇ ਵਿੱਚ ਹਰ ਕਿਸੇ ਨੂੰ ਫਾਇਦਾ ਮਿਲਦਾ ਹੈ, ਜਿਸ ਵਿੱਚ ਯੂਰੋ ਅਤੇ ਸ਼ੈਨਗਨ ਖੇਤਰ ਤੋਂ ਬਾਹਰ ਹੋਣਾ ਅਤੇ ਬਜਟ ਵਿੱਚ ਸਾਡੀ ਛੂਟ ਸ਼ਾਮਲ ਹੈ, ਜਿਸਦਾ ਮੁੱਲ £3 ਬਿਲਿਅਨ ਤੋਂ ਵੱਧ ਹੈ।

ਅਜ਼ਾਦੀ ਦੇ ਹਾਲਾਤ ਵਿੱਚ, ਇੱਕ ਅਜ਼ਾਦ ਸਕੌਟਿਸ਼ ਸਰਕਾਰ ਨੂੰ ਅੰਤਰਰਾਸ਼ਟਰੀ ਸੰਗਠਨਾਂ ਦਾ ਹਿੱਸਾ ਬਣਨ ਲਈ ਦਰਖਾਸਤ ਦੇਣ ਦੀ ਲੋੜ ਹੋਵੇਗੀ, ਜਿਸ ਵਿੱਚ EU ਵੀ ਸ਼ਾਮਲ ਹੈ, ਜਿਸਦੇ ਲਈ ਸਾਰੇ 28 ਮੈਂਬਰ ਦੇਸ਼ਾਂ ਦੀ ਸਹਿਮਤੀ ਦੀ ਲੋੜ ਹੋਵੇਗੀ। EU ਦੀ ਮੈਂਬਰਸ਼ਿਪ ਨਾਲ ਸੰਬੰਧਤ ਨਿਯਮਾਂ ਅਤੇ ਸਮਾਂ-ਸਾਰਣੀ ਤੋਂ ਸਕੌਟਿਸ਼ ਸਰਕਾਰ ਦੀਆਂ ਉਮੀਦਾਂ ਬੇਮਿਸਾਲ ਹਨ, ਜਿਸਦੇ ਕਾਰਨ EU ਕਮੀਸ਼ਨ ਦੇ ਪ੍ਰੈਜ਼ੀਡੈਂਟ, ਸਪੇਨ ਦੇ ਪ੍ਰਧਾਨ ਮੰਤਰੀ ਅਤੇ ਦੂਜਿਆਂ ਨੇ ਚਿੰਤਾਵਾਂ ਵਿਅਕਤ ਕੀਤੀਆਂ ਹਨ। ਯੂਕੇ ਨੂੰ EU ਬਜਟ ਵਿੱਚ ਮਿਲੀ ਛੂਟ ਦਾ ਫਾਇਦਾ ਚੁੱਕਣ ਦੀ ਬਜਾਏ, ਇੱਕ ਅਜ਼ਾਦ ਸਕੌਟਲੈਂਡ ਨੂੰ ਬਾਕੀ ਬਚੇ ਯੂਕੇ ਦੀ ਛੂਟ ਦੇ ਪ੍ਰਤੀ ਭੁਗਤਾਨ ਕਰਨਾ ਪਵੇਗਾ।

ਯੂਨਾਇਟੇਡ ਕਿੰਗਡਮ ਦਾ ਹਿੱਸਾ ਹੋਣ 'ਤੇ, ਅਸੀਂ ਆਪਣੇ ਦੇਸ਼ ਵਿੱਚ ਆਪਣੀ ਰੱਖਿਆ ਕਰਨ ਲਈ ਇਕੱਠੇ ਮਿਲ ਕੇ ਕੰਮ ਕਰਦੇ ਹਾਂ। ਰੱਖਿਆ ਦੇ ਪ੍ਰਤੀ ਯੂਕੇ ਦਾ ਏਕੀਕ੍ਰਿਤ ਤਰੀਕਾ ਯੂਕੇ ਦੇ ਸਾਰੇ ਹਿੱਸਿਆਂ ਦੀ ਰੱਖਿਆ ਕਰਦਾ ਹੈ। ਸਾਡੀਆਂ ਸੁਰੱਖਿਆ ਅਤੇ ਖੁਫੀਆ ਏਜੰਸੀਆਂ ਸਾਡੀ
ਆਤੰਕਵਾਦ, ਜਾਸੂਸੀ ਅਤੇ ਸਾਈਬਰ ਅਪਰਾਧ ਤੋਂ ਰੱਖਿਆ ਕਰਦੀਆਂ ਹਨ।

ਯੂਕੇ ਦੇ ਹਥਿਆਰਬੰਦ ਬਲ ਦੁਨੀਆਂ ਵਿੱਚ ਸਭ ਤੋਂ ਚੰਗੇ ਹਨ, ਯੂਕੇ ਵਿੱਚ ਸਾਨੂੰ ਸੁਰੱਖਿਅਤ ਰੱਖਦੇ ਹਨ ਅਤੇ ਵਿਦੇਸ਼ਾਂ ਵਿੱਚ ਝਗੜੇ ਰੋਕਣ ਅਤੇ ਮਨੁੱਖਤਾਵਾਦੀ ਕੰਮਾਂ ਵਿੱਚ ਯੋਗਦਾਨ ਪਾਉਂਦੇ ਹਨ; ਅਤੇ ਇਹਨਾਂ ਨੂੰ ਚੱਲਦਾ ਰੱਖਣ ਲਈ ਸਲਾਨਾ ਬਜਟ ਦੁਨੀਆਂ ਦੇ ਸਭ ਤੋਂ ਵੱਡੇ ਬਜਟਾਂ ਵਿੱਚੋਂ ਇੱਕ ਹੈ। ਡਿਫੈਂਸ (ਰੱਖਿਆ) 'ਤੇ ਸਾਡਾ ਖਰਚ, ਸਕੌਟਲੈਂਡ ਵਿੱਚ ਰੱਖਿਆ ਉਦਯੋਗ ਨੂੰ ਸਮਰਥਨ ਦਿੰਦਾ ਹੈ, ਜਿਸ ਵਿੱਚ ਲਗਭਗ 12,600 ਲੋਕ ਕੰਮ ਕਰਦੇ ਹਨ। ਅਜ਼ਾਦੀ ਦੇ ਹਾਲਾਤ ਵਿੱਚ, ਸਕੌਟਲੈਂਡ ਵਿੱਚ ਅਧਾਰਤ ਕੰਪਨੀਆਂ ਉਹਨਾਂ ਕਾਨਟ੍ਰੈਕਟਾਂ ਲਈ ਯੋਗ ਨਹੀਂ ਰਹਿਣਗੀਆਂ ਜੋ ਰਾਸ਼ਟਰੀ ਸੁਰੱਖਿਆ ਦੇ ਕਾਰਨਾਂ ਕਰਕੇ ਯੂਕੇ ਆਪਣੇ ਦੇਸ਼ ਦੇ ਅੰਦਰ ਦਿੰਦਾ ਹੈ।

ਸਾਡੇ ਯੂਕੇ ਦੀ ਸਰਹੱਦ ਵੀ ਸੁਰੱਖਿਅਤ ਹੈ, ਜਿੱਥੇ ਅਜਿਹੇ ਲੋਕਾਂ ਅਤੇ ਵਸਤਾਂ ਨੂੰ ਯੂਕੇ ਵਿੱਚ ਦਾਖਲ ਹੋਣ ਤੋਂ ਰੋਕਣ ਲਈ, ਜੋ ਸਾਨੂੰ ਨੁਕਸਾਨ ਪਹੁੰਚਾ ਸਕਦੇ ਹਨ, 20,000 ਤੋਂ ਵੱਧ ਲੋਕ ਕੰਮ ਕਰਦੇ ਹਨ £2 ਬਿਲਿਅਨ ਤੋਂ ਵੱਧ ਖਰਚ ਕੀਤਾ ਜਾਂਦਾ ਹੈ। ਯੂਕੇ ਅੰਦਰ, ਲੋਕਾਂ ਅਤੇ ਵਸਤਾਂ ਦੀ ਮੁਕਤ ਆਵਾਜਾਈ ਹੈ। ਯੂਕੇ ਵਿੱਚ ਸਫ਼ਰ ਕਰਨ ਲਈ ਪਛਾਣ ਦਸਤਾਵੇਜ਼ਾਂ ਦੀ ਲੋੜ ਨਹੀਂ ਹੁੰਦੀ। ਵਸਤਾਂ ਦੀ ਆਵਾਜਾਈ 'ਤੇ ਨਾ ਤਾਂ ਕਸਟਮਜ਼ ਜਾਂਚਾਂ ਲਾਗੂ ਹੁੰਦੀਆਂ ਹਨ ਅਤੇ ਨਾ ਹੀ ਇਹ ਪ੍ਰਸ਼ਾਸਨੀ ਕਾਰਵਾਈ ਦੇ ਅੰਦਰ ਆਉਂਦੀਆਂ ਹਨ। ਸਕੌਟਲੈਂਡ ਅਤੇ ਇੰਗਲੈਂਡ ਦੇ ਵਿਚਕਾਰ ਦੋਵੇਂ ਦਿਸ਼ਾਵਾਂ ਵਿੱਚ ਹਰ ਸਾਲ 23 ਮਿਲਿਅਨ ਵਾਹਨ ਆਉਂਦੇ-ਜਾਂਦੇ ਹਨ; ਹਰੇਕ ਦਿਸ਼ਾ ਵਿੱਚ 15 ਮਿਲਿਅਨ ਟਨ ਮਾਲ ਦੀ ਆਵਾਜਾਈ ਹੁੰਦੀ ਹੈ; ਸਕੌਟਲੈਂਡ ਅਤੇ ਯੂਕੇ ਦੇ ਦੂਜੇ ਹਿੱਸਿਆਂ ਦੇ ਵਿਚਕਾਰ 7 ਮਿਲਿਅਨ ਰੇਲ ਯਾਤਰੀ ਯਾਤਰਾ ਕਰਦੇ ਹਨ; ਅਤੇ ਸਕੌਟਲੈਂਡ ਅਤੇ ਉੱਤਰੀ ਆਇਰਲੈਂਡ ਦੇ ਵਿਚਕਾਰ 800,000 ਹਵਾਈ ਯਾਤਰੀ ਯਾਤਰਾ ਕਰਦੇ ਹਨ। ਅਜ਼ਾਦੀ ਦੇ ਹਾਲਾਤ ਵਿੱਚ, ਸਕੌਟਲੈਂਡ ਅਤੇ ਬਾਕੀ ਦੇ ਯੂਕੇ ਵਿਚਕਾਰ ਵਰਤਮਾਨ ਸਰਹੱਦ ਦੋ ਵੱਖ-ਵੱਖ ਦੇਸ਼ਾਂ ਵਿਚਾਲੇ ਇੱਕ ਅੰਤਰਰਾਸ਼ਟਰੀ ਸਰਹੱਦ ਬਣ ਜਾਵੇਗੀ। ਵੱਖਰਾ ਸਕੌਟਿਸ਼ ਰਾਸ਼ਟਰ ਅਤੇ ਬਾਕੀ ਦਾ ਯੂਕੇ, ਦੋਵਾਂ ਨੂੰ ਸਰਹੱਦ ਦੇ ਪਾਰ ਲੋਕਾਂ ਅਤੇ ਵਸਤਾਂ ਦੀ ਆਵਾਜਾਈ ਨੂੰ ਨਿਯੰਤ੍ਰਿਤ ਕਰਨ ਦੇ ਸਬੰਧ ਵਿੱਚ ਫੈਸਲੇ ਲੈਣੇ ਪੈਣਗੇ। ਇਹ ਸੰਭਵ ਹੈ ਕਿ ਸਮੇਂ ਦੇ ਨਾਲ-ਨਾਲ, ਆਪਣੇ ਹਾਲਾਤ ਦੇ ਅਨੁਸਾਰ ਦੋ ਵੱਖ-ਵੱਖ ਸਰਕਾਰਾਂ ਵੱਖਰੀਆਂ ਨੀਤੀਆਂ ਚਲਾਉਣਗੀਆਂ ਜਿਸਦੇ ਨਤੀਜੇ-ਵੱਜੋਂ ਟੈਕਸ ਅਤੇ ਨਿਯੰਤ੍ਰਕ ਵਿਵਸਥਾਵਾਂ ਵਿੱਚ ਮਤਭੇਦ ਪੈਦਾ ਹੋ ਸਕਦੇ ਹਨ। ਤਸਕਰੀ ਦੇ ਰਾਹੀਂ ਅਪਰਾਧੀ ਇਹਨਾਂ ਮਤਭੇਦਾਂ ਦਾ ਫਾਇਦਾ ਉਠਾ ਸਕਦੇ ਹਨ। ਇਹ ਵੀ ਸੰਭਵ ਹੈ ਕਿ ਦੋਵੇਂ ਸਰਕਾਰਾਂ ਸ਼ਾਇਦ ਵੱਖ-ਵੱਖ ਇਮੀਗ੍ਰੇਸ਼ਨ ਨੀਤੀਆਂ ਚਲਾਉਣੀਆਂ ਚਾਹੁਣ। ਪਰ, ਇੱਕ ਅਜ਼ਾਦ ਸਕੌਟਲੈਂਡ ਇੱਕ ਵਧੇਰੇ ਖੁੱਲ੍ਹੀ ਇਮੀਗ੍ਰੇਸ਼ਨ ਨੀਤੀ ਨਾ ਚਲਾ ਸਕੇ ਅਤੇ ਉਹ ਸ਼ਾਇਦ ਯੂਕੇ ਅਤੇ ਆਇਰਲੈਂਡ ਦੇ ਨਾਲ ਇੱਕ ਸਾਂਝਾ ਯਾਤਾਯਾਤ ਖੇਤਰ (ਕਾਮਨ ਟ੍ਰੈਵਲ ਏਰੀਆ) ਦਾ ਹਿੱਸਾ ਬਣਨਾ ਚਾਹੇ।

# ਸਿੱਟਾ

ਸਕੌਟਲੈਂਡ, ਯੂਕੇ ਦਾ ਇੱਕ ਅਟੁੱਟ ਹਿੱਸਾ ਹੈ। ਅਸੀਂ ਸਾਰੇ ਰਾਸ਼ਟਰਾਂ ਦੇ ਪਰਿਵਾਰ ਦਾ ਹਿੱਸਾ ਹੋਣ ਵਜੋਂ ਆਪਣਾ ਯੋਗਦਾਨ ਪਾਉਂਦੇ ਹਾਂ ਅਤੇ ਲਾਭ ਵੀ ਪ੍ਰਾਪਤ ਕਰਦੇ ਹਾਂ।

ਯੂਨਾਇਟੇਡ ਕਿੰਗਡਮ ਦਾ ਹਿੱਸਾ ਹੋਣ 'ਤੇ, ਘਰ ਅਤੇ ਪੂਰੀ ਦੁਨੀਆਂ ਵਿੱਚ ਸਕੌਟਲੈਂਡ ਦਾ ਰਸੂਖ ਹੈ। ਯੂਕੇ ਦੀ ਅਰਥ-ਵਿਵਸਥਾ ਦੀ ਸ਼ਕਤੀ ਅਤੇ ਵਿਵਿਧਤਾ ਦੁਆਰਾ ਸਾਡੇ ਉਦਯੋਗਾਂ ਬਿਹਤਰ ਸੁਰੱਖਿਆ ਅਤੇ ਸਮਰਥਨ ਮਿਲਦਾ ਹੈ ਅਤੇ ਅੰਤਰਰਾਸ਼ਟਰੀ ਸੰਗਠਨਾਂ ਵਿੱਚ ਯੂਕੇ ਦੀ ਮੈਂਬਰਸ਼ਿਪ ਦੁਆਰਾ ਅਸੀਂ ਦੁਨੀਆਂ ਦੇ ਮੰਚ 'ਤੇ ਆਪਣੀ ਆਵਾਜ਼ ਸਾਹਮਣੇ ਰੱਖ ਸਕਦੇ ਹਾਂ।

ਸਾਡਾ ਵਿਸ਼ੇਸ਼ ਰਾਸ਼ਟਰੀ ਸਭਿਆਚਾਰ; ਸਾਡੇ ਗਿਰਜੇ, ਸਾਡੀ ਸਿੱਖਿਆ ਅਤੇ ਸਾਡੀ ਕਨੂੰਨ ਪ੍ਰਣਾਲੀ ਦਾ ਯੂਨਾਇਟੇਡ ਕਿੰਗਡਮ ਦੇ ਅੰਦਰ ਆਦਰ ਕੀਤਾ ਜਾਂਦਾ ਹੈ - ਅਤੇ ਹਮੇਸ਼ਾ ਕੀਤਾ ਜਾਂਦਾ ਰਿਹਾ ਹੈ। ਅਤੇ ਹੌਲੀਰੁਡ ਵਿਖੇ ਸਾਡੀ ਆਪਣੀ ਸਪੁਰਦ ਕੀਤੀ ਗਈ ਪਾਰਲਿਆਮੈਂਟ ਦੇ ਨਾਲ ਅਸੀਂ ਸਾਡੀ ਸਿਹਤ, ਸਾਡੇ ਸਕੂਲਾਂ, ਸਾਡੀ ਨਿਆਂ ਪ੍ਰਣਾਲੀ ਅਤੇ ਸਾਡੇ ਵਾਤਾਵਰਨ ਨਾਲ ਜੁੜੇ ਸਾਡੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਖ ਮੁੱਦਿਆਂ 'ਤੇ ਫੈਸਲੇ ਲੈ ਸਕਦੇ ਹਾਂ।

300 ਤੋਂ ਵੱਧ ਸਾਲਾਂ ਤੋਂ, ਅਸੀਂ ਯੂਕੇ ਦੇ ਦੂਜੇ ਹਿੱਸਿਆਂ ਵਿੱਚ ਆਪਣੇ ਦੋਸਤਾਂ ਅਤੇ ਪਰਿਵਾਰ ਦੇ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਅਤੇ ਸਤੰਬਰ ਵਿੱਚ ਯੂਨਾਇਟੇਡ ਕਿੰਗਡਮ ਵਿੱਚ ਰਹਿਣ ਦੇ ਹੱਕ ਵਿੱਚ ਆਪਣੀ ਵੋਟ ਪਾ ਕੇ ਅਸੀਂ ਇਕੱਠੇ ਮਿਲ ਕੇ ਉਸ ਤੋਂ ਜ਼ਿਆਦਾ ਪ੍ਰਾਪਤ ਕਰ ਸਕਦੇ ਹਾਂ ਜੋ ਸ਼ਾਇਦ ਅਸੀਂ ਵੱਖ ਰਹਿ ਕਰ ਪ੍ਰਾਪਤ ਕਰ ਸਕੀਏ।

ਜੇ ਤੁਸੀਂ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਜਾਂ ਸਕੌਟਲੈਂਡ ਦੇ ਵਿਸ਼ਲੇਸ਼ਣ ਦਸਤਾਵੇਜ਼ ਤਕ ਪਹੁੰਚਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਸ ਵੈਬਸਾਈਟ 'ਤੇ ਜਾਓ: www.gov.uk/scottishreferendum ਜਾਂ ਤੁਸੀਂ ਸ਼ਾਇਦ ਇਹਨਾਂ 'ਤੇ ਜਾ ਕੇ ਔਨਲਾਈਨ ਬਹਿਸ ਵਿੱਚ ਸ਼ਾਮਲ ਹੋਣਾ ਚਾਹੋ: @YouDecide2014 ਅਤੇ facebook.com/youdecide2014